16-DEC-PAGE-1.qxd 12/15/2023 10:25 PM Page 1

ਸ਼ਨੀਵਾਰ, 16 ਦਸੰਬਰ, 2023
1 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 196

ਨਵਾਂ ਜ਼ਮਾਨਾ

DAILY NAWAN ZAMANA • SATURDAY, 16 DECEMBER, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਭਾਜਪਾ ਵਿਧਾਇਕ ਨੂੰ ਰੇਪ ਕੇਸ 'ਚ 25 ਸਾਲ ਦੀ ਸਜ਼ਾ, 10 ਲੱਖ ਜੁਰਮਾਨਾ

ਸੋਨਭੱਦਰ : ਯੂ ਪੀ ਦੇ ਦੁਧਵੀ ਹਲਕੇ ਤੋਂ ਭਾਜਪਾ ਵਿਧਾਇਕ ਰਾਮਦੁਲਾਰ ਗੋਂਡ ਨੂੰ ਐੱਮ ਪੀ/ ਐੱਮ ਐੱਲ ਏ ਕੋਰਟ ਦੇ ਜੱਜ ਅਹਿਸਾਨਉਲ੍ਹਾ ਖਾਨ ਨੇ ਨਾਬਾਲਗ ਨਾਲ ਬਲਾਤਕਾਰ ਦੇ ਮਾਮਲੇ ਵਿਚ ਸ਼ੁੱਕਰਵਾਰ 25 ਸਾਲ ਦੀ ਸਜ਼ਾ ਸੁਣਾਈ ਤੇ 10 ਲੱਖ ਰੁਪਏ ਜੁਰਮਾਨਾ ਵੀ ਠੋਕਿਆ। ਇਹ ਰਕਮ ਪੀੜਤਾ ਨੂੰ ਦਿੱਤੀ ਜਾਵੇਗੀ। ਵਿਧਾਇਕ ਨੇ ਕੋਰਟ ਅੱਗੇ ਗਿੜਗਿੜਾ ਕੇ ਕਿਹਾ ਕਿ ਸਜ਼ਾ ਘੱਟ ਦਿੱਤੀ ਜਾਵੇ, ਕਿਉਂਕਿ ਉਸਦੇ ਬੱਚਿਆਂ ਦੀ ਪੜ੍ਹਾਈ ਚਲ ਰਹੀ ਹੈ। ਪੀੜਤਾ ਦੇ ਵਕੀਲ ਨੇ ਦੱਸਿਆ ਕਿ ਰਾਮਦੁਲਾਰ ਸੁਣਵਾਈ 'ਤੇ ਨਹੀਂ ਆਉਂਦਾ ਸੀ, ਇਸ ਕਰਕੇ 300 ਤੋਂ ਵੱਧ ਤਰੀਕਾਂ ਪਈਆਂ। ਮਾਮਲਾ ਕਰੀਬ 9 ਸਾਲ ਚੱਲਿਆ। ਚਾਰ ਨਵੰਬਰ 2014 ਵਿਚ ਮਾਯਰਪੁਰ ਥਾਣੇ ਵਿਚ ਮਾਮਲਾ ਦਰਜ ਹੋਇਆ ਸੀ। ਉਸ ਵੇਲੇ 15 ਸਾਲ ਦੀ ਪੀੜਤਾ ਨੇ ਦੋਸ਼ ਲਾਇਆ ਸੀ ਕਿ ਰਾਮਦੁਲਾਰ ਨੇ ਉਸ ਨਾਲ ਇਕ ਸਾਲ ਬਲਾਤਕਾਰ ਕੀਤਾ। ਰਾਮਦੁਲਾਰ ਦੀ ਪਤਨੀ ਉਦੋਂ ਪਿੰਡ ਦੀ ਸਰਪੰਚ ਸੀ ਤੇ ਰਾਮਦੁਲਾਰ ਦਾ ਅਕਸ ਦਬੰਗ ਨੇਤਾ ਦਾ ਸੀ। ਰਾਮਦੁਲਾਰ ਦਾ ਸਿਆਸੀ ਕੱਦ ਲਗਾਤਾਰ

ਬੱਚਿਆਂ ਦੀ ਪੜ੍ਹਾਈ ਦਾ ਵਾਸਤਾ ਪਾ ਕੇ ਸਜ਼ਾ ਘੱਟ ਕਰਨ ਲਈ ਗਿੜਗਿੜਾਇਆ

ਵੱਧਦਾ ਰਿਹਾ ਸੀ ਤੇ 2022 ਵਿਚ ਉਹ ਦੁਧਵੀ ਤੋਂ ਵਿਧਾਇਕ ਚੁਣਿਆ ਗਿਆ। ਮੁਕੱਦਮਾ ਵੀ ਚਲਦਾ ਰਿਹਾ। ਪੀੜਤਾ ਦੇ ਭਰਾ ਨੇ ਫੈਸਲੇ 'ਤੇ ਤਸੱਲੀ ਪ੍ਰਗਟਾਈ ਹੈ। ਉਸਦੇ ਬਿਆਨ 'ਤੇ ਹੀ ਮਾਮਲਾ ਦਰਜ ਹੋਇਆ ਸੀ। ਉਸਨੇ ਕਿਹਾ ਕਿ ਵਿਧਾਇਕ ਨੇ ਉਸਦੇ ਅਤੇ ਉਸਦਾ ਸਾਥ ਦੇਣ ਵਾਲਿਆਂ ਖਿਲਾਫ ਤਿੰਨ ਝੂਠੇ ਕੇਸ ਵੀ ਦਰਜ ਕਰਵਾਏ। ਵਿਧਾਇਕ ਭੈਣ ਨੂੰ ਧਮਕੀ ਦਿੰਦਾ ਸੀ ਕਿ ਜੇ ਘਰਦਿਆਂ ਨੂੰ ਦੱਸਿਆ ਤਾਂ ਉਹ ਸਾਰੇ ਪਰਿਵਾਰ ਦੀ ਹੱਤਿਆ ਕਰਵਾ ਦੇਵੇਗਾ। ਜਦੋਂ 4 ਨਵੰਬਰ 2014 ਨੂੰ ਰਾਮਦੁਲਾਰ ਨੇ ਖੇਤ ਵਿਚ ਬਲਾਤਕਾਰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਬਰਦਾਸ਼ਤ ਨਹੀਂ ਕਰ ਸਕੀ। ਕਿਸੇ ਤਰ੍ਹਾਂ ਬਚ ਕੇ ਆ ਕੇ ਉਸਨੇ ਸਾਰੀ ਕਹਾਣੀ ਉਸਨੂੰ ਦੱਸੀ।

ਪੋਕਸੋ ਐਕਟ ਤੋਂ ਬਚਣ ਲਈ ਰਾਮਦੁਲਾਰ ਨੇ ਜਾਅਲੀ ਸਕੂਲ-ਲੀਵਿੰਗ ਸਰਟੀਫਿਕੇਟ ਬਣਾ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਕੁੜੀ ਨਾਬਾਲਗ ਨਹੀਂ, ਬਾਲਗ ਸੀ। ਉਸਨੇ ਪੀੜਤ ਪਰਿਵਾਰ ਨੂੰ ਪੈਸੇ ਦਾ ਲਾਲਚ ਵੀ ਦਿੱਤਾ। ਕੋਰਟ ਦੇ ਫੈਸਲੇ ਨਾਲ ਰਾਮਦੁਲਾਰ ਦੀ ਅਸੰਬਲੀ ਦੀ ਮੈਂਬਰੀ ਜਾਣੀ ਤੈਅ ਹੈ। ਨਿਯਮ ਹੈ ਕਿ ਦੋ ਸਾਲ ਜਾਂ ਉਸਤੋਂ ਵੱਧ ਦੀ ਸਜ਼ਾ 'ਤੇ ਸਾਂਸਦਾਂ ਤੇ ਵਿਧਾਇਕਾਂ ਦੀ ਮੈਂਬਰੀ ਰੱਦ ਹੋਵੇਗੀ।

ਪੰਜਾਬ ਸਰਕਾਰ ਨਰੇਗਾ ਦਿਹਾੜੀ 431 ਰੁਪਏ ਕਰਨ ਦੀ ਸਿਫਾਰਸ਼ ਕਰੇ

ਲੜੀਵਾਰ ਭੁੱਖ ਹੜਤਾਲ ਉਪਰੰਤ ਵਿਸ਼ਾਲ ਰੈਲੀਆਂ

ਮੋਗਾ : ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਸੱਦੇ 'ਤੇ ਲੜੀਵਾਰ ਭੁੱਖ ਹੜਤਾਲ ਉਪਰੰਤ ਵਿਸ਼ਾਲ ਰੈਲੀ ਕੀਤੀ ਗਈ। ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿਚੋਂ ਹਜ਼ਾਰਾਂ ਨਰੇਗਾ ਮਜ਼ਦੂਰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ, ਨਾਅਰੇਬਾਜ਼ੀ ਕਰਦੇ ਇਸ ਰੈਲੀ ਵਿੱਚ ਸ਼ਾਮਲ ਹੋਏ। ਸਭ ਤੋਂ ਪਹਿਲਾਂ ਭੁੱਖ ਹੜਤਾਲ 'ਤੇ ਬੈਠੇ ਬੀਬੀਆਂ ਦੇ ਜੱਥੇ ਨੂੰ ਜੂਸ ਪਿਲਾ ਕੇ ਉਠਾਇਆ ਗਿਆ। ਇਸ ਮੌਕੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਸੀਨੀਅਰ ਮੀਤ ਪ੍ਰਧਾਨ ਸੇਰ ਸਿੰਘ ਦੌਲਤਪੁਰਾ ਅਤੇ ਸਲਾਹਕਾਰ ਕਾਮਰੇਡ ਕੁਲਦੀਪ ਸਿੰਘ ਭੋਲਾ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨਰੇਗਾ ਕਾਮਿਆਂ ਦੇ ਹੱਕਾਂ 'ਤੇ ਡਾਕਾ ਮਾਰ ਰਹੀਆਂ ਹਨ, ਜਿਸ ਨੂੰ ਸੁਚੇਤ ਨਰੇਗਾ ਮਜ਼ਦੂਰ ਬਰਦਾਸ਼ਤ ਨਹੀਂ ਕਰਨਗੇ। ਇਸ ਦਾ ਖਮਿਆਜ਼ਾ ਆਉਣ ਵਾਲੇ ਸਮੇਂ ਵਿੱਚ ਸੱਤਾਧਾਰੀ ਧਿਰਾਂ ਨੂੰ ਭੁਗਤਣਾ ਪਵੇਗਾ। ਨਰੇਗਾ ਕਾਮਿਆਂ ਨਾਲ ਸਭ ਤੋਂ ਵੱਡੀ ਬੇਇਨਸਾਫੀ ਦਿਹਾੜੀ ਦੇ ਮਾਮਲੇ 'ਤੇ ਹੋ ਰਹੀ ਹੈ, ਕਿਉਂਕਿ ਐਕਟ ਮੁਤਾਬਕ ਨਰੇਗਾ ਕਾਮਿਆਂ ਨੂੰ ਰਾਜ ਦੇ ਖੇਤੀਬਾੜੀ ਕਾਮਿਆਂ ਦੇ ਬਰਾਬਰ ਉਜਰਤ ਮਿਲਣੀ ਹੈ, ਜੋ ਹੁਣ 341 ਰੁਪਏ ਹਨ। ਪਰ ਪੰਜਾਬ ਦੇ ਮੁੱਖ ਨਰੇਗਾ ਕਾਮਿਆਂ ਨੂੰ 303 ਰੁਪਏ ਦੇ ਕੇ ਉਨ੍ਹਾਂ ਦੇ 128 ਰੁਪਏ ਇੱਕ ਦਿਨ ਦੇ ਮਾਰੇ ਜਾ ਰਹੇ ਹਨ । ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਪੰਜਾਬ ਸਰਕਾਰ ਕੇਂਦਰ ਸਰਕਾਰ ਨੂੰ 431 ਰੁਪਏ ਦੀ ਸਿਫਾਰਸ਼ ਕਰੇ। ਨਰੇਗਾ ਕਾਮਿਆਂ ਨੂੰ ਇੱਕ ਸਾਲ ਵਿੱਚ 100 ਦਿਨ ਕੰਮ ਦੀ ਗਾਰੰਟੀ ਹੈ, ਪਰ ਵੱਡੀ ਗਿਣਤੀ ਵਿੱਚ ਨਰੇਗਾ ਮਜ਼ਦੂਰਾਂ ਦੀ ਇਹ ਗਾਰੰਟੀ ਪੂਰੀ ਨਹੀਂ ਕਰਵਾਈ ਜਾਂਦੀ। ਇਸ ਨਾਲ ਮਜ਼ਦੂਰਾਂ ਦੇ ਚੁੱਲ੍ਹੇ ਠੰਢੇ ਰਹਿਣ ਦੀ ਨੌਬਤ ਆ ਜਾਂਦੀ ਹੈ। ਨਰੇਗਾ ਐਕਟ ਬਣਨ ਸਮੇਂ ਮਜ਼ਦੂਰਾਂ ਦੇ ਕੰਮ ਦਾ ਸਮਾਂ 6 ਘੰਟੇ ਸੀ, ਪਰ ਬਾਅਦ ਵਿੱਚ 9 ਘੰਟੇ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ ਪਹਿਲਾਂ ਵਾਲਾ 6 ਘੰਟੇ ਬਹਾਲ ਕਰਨਾ ਚਾਹੀਦਾ ਹੈ। ਅੱਜ ਦੀ ਮਹਿੰਗਾਈ ਦੇ ਹਿਸਾਬ ਨਾਲ ਦਿਹਾੜੀ ਦਾ ਰੇਟ 1000 ਰੁਪਏ ਹੋਵੇ। ਉਹਨਾਂ ਅੱਗੇ ਕਿਹਾ ਕਿ ਨਰੇਗਾ ਐਕਟ ਵਿੱਚ ਸਭ ਤੋਂ ਜ਼ਰੂਰੀ ਚੀਜ਼ ਕੰਮ ਮੰਗਣ ਦੀ ਅਰਜ਼ੀ ● ਬਾਕੀ ਸਫ਼ਾ 2 'ਤੇ

ਬੋਨੀ ਸਿੱਟ ਅੱਗੇ ਪੇਸ਼

ਪਟਿਆਲਾ : ਨਸ਼ਾ ਤਸਕਰੀ ਮਾਮਲੇ ਬਾਰੇ ਦੋ ਸਾਲ ਪਹਿਲਾਂ ਮੁਹਾਲੀ 'ਚ ਦਰਜ ਕੀਤੇ ਕੇਸ ਸੰਬੰਧੀ ਚੱਲ ਰਹੀ ਜਾਂਚ 'ਚ ਬਤੌਰ ਸਰਕਾਰੀ ਗਵਾਹ ਸਾਬਕਾ ਵਿਧਾਇਕ ਤੇ ਭਾਜਪਾ ਆਗੂ ਅਮਰਪਾਲ ਸਿੰਘ ਅਜਨਾਲਾ (ਬੋਨੀ ਅਜਨਾਲਾ), ਅਕਾਲੀ ਆਗੂ ਬਿੱਟੂ ਔਲਖ ਅਤੇ ਉਦਯੋਗਪਤੀ ਜਗਜੀਤ ਸਿੰਘ ਚਾਹਲ ਸ਼ੁੱਕਰਵਾਰ ਇਥੇ ਏ ਡੀ ਜੀ ਪੀ ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਹੇਠਲੀ ਸਿੱਟ ਕੋਲ ਪੇਸ਼ ਹੋਏ।

ਤਲਪੜੇ ਨੂੰ ਦਿਲ ਦਾ ਦੌਰਾ

ਮੁੰਬਈ : ਅਭਿਨੇਤਾ ਸ਼੍ਰੇਅਸ ਤਲਪੜੇ (47) ਨੂੰ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਐਂਜੀਓਪਲਾਸਟੀ ਹੋਈ ਹੈ। ਉਹ ਵੀਰਵਾਰ ਘਰ 'ਚ ਬੇਹੋਸ਼ ਹੋ ਗਿਆ ਸੀ। ਤਲਪੜੇ ਵੀਰਵਾਰ ਆਪਣੀ ਆਉਣ ਵਾਲੀ ਫਿਲਮ 'ਵੈਲਕਮ ਟੂ ਦਿ ਜੰਗਲ' ਦੀ ਸ਼ੂਟਿੰਗ ਤੋਂ ਘਰ ਪਰਤਿਆ ਸੀ।

ਮਹਿਲਾ ਜੱਜ ਦੀ ਚਿੱਠੀ ਦਾ ਚੀਫ ਜਸਟਿਸ ਵੱਲੋਂ ਨੋਟਿਸ

ਨਵੀਂ ਦਿੱਲੀ : ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ 'ਚ ਤਾਇਨਾਤ ਮਹਿਲਾ ਜੱਜ ਦੇ ਪੱਤਰ ਦਾ ਗੰਭੀਰ ਨੋਟਿਸ ਲਿਆ ਹੈ, ਜਿਸ ਵਿਚ ਉਸਨੇ ਜ਼ਿਲ੍ਹਾ ਜੱਜ ਉੱਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਾਉਂਦਿਆਂ ਆਪਣੀ ਜ਼ਿੰਦਗੀ ਨੂੰ ਸਨਮਾਨਤ ਤਰੀਕੇ ਨਾਲ ਖਤਮ ਕਰਨ ਦੀ ਇਜਾਜ਼ਤ ਮੰਗੀ ਹੈ। ਚੀਫ ਜਸਟਿਸ ਨੇ ਅਲਾਹਾਬਾਦ ਹਾਈ ਕੋਰਟ ਪ੍ਰਸ਼ਾਸਨ ਤੋਂ ਜਾਂਚ ਦੀ ਸਥਿਤੀ 'ਤੇ ਰਿਪੋਰਟ ਮੰਗੀ ਹੈ।

ਕੁਝ ਅੱਡਿਆਂ 'ਤੇ ਫੁੱਲ ਬਾਡੀ ਸਕੈਨਰ ਮਈ ਤੱਕ

ਨਵੀਂ ਦਿੱਲੀ : ਦੇਸ਼ ਦੇ ਕੁੱਝ ਹਵਾਈ ਅੱਡਿਆਂ 'ਤੇ ਮਈ 2024 ਤੱਕ 'ਫੁੱਲ ਬਾਡੀ ਸਕੈਨਰ' ਲਗਾਏ ਜਾਣ ਦੀ ਉਮੀਦ ਹੈ। ਬਿਊਰੋ ਆਫ ਸਿਵਲ ਐਵੀਏਸ਼ਨ ਸਕਿਓਰਿਟੀ ਦੇ ਡਾਇਰੈਕਟਰ ਜਨਰਲ ਜ਼ੁਲਫਿਕਾਰ ਹਸਨ ਨੇ ਕਿਹਾ ਕਿ ਕੁਝ ਕਾਰਨਾਂ ਕਰਕੇ ਚੋਣਵੇਂ ਹਵਾਈ ਅੱਡਿਆਂ 'ਤੇ 'ਫੁੱਲ ਬਾਡੀ ਸਕੈਨਰ' ਅਤੇ 'ਸੀ ਟੀ ਐੱਕਸ ਸਕੈਨਰ' ਲਗਾਉਣ ਦੀ ਮਿਆਦ ਵਧਾ ਦਿੱਤੀ ਜਾਵੇਗੀ, ਜਦ ਕਿ ਇਨ੍ਹਾਂ ਨੂੰ ਲਾਉਣ ਦੀ ਆਖਰੀ 31 ਦਸੰਬਰ ਤੱਕ ਹੈ। ਸੀ ਟੀ ਐਕਸ (ਕੰਪਿਊਟਰ ਟੋਮੋਗ੍ਰਾਫੀ ਐਕਸ-ਰੇ) ਲੱਗਣ ਬਾਅਦ ਯਾਤਰੀਆਂ ਨੂੰ ਹਵਾਈ ਅੱਡਿਆਂ 'ਤੇ ਸੁਰੱਖਿਆ ਜਾਂਚ ਦੌਰਾਨ ਆਪਣੇ ਸਾਮਾਨ 'ਚੋਂ ਇਲੈਕਟ੍ਰਾਨਿਕ ਉਪਕਰਣ ਨਹੀਂ ਕੱਢਣੇ ਪੈਣਗੇ।

ਈਸਾਪੁਰੀਆ ਵਿਰਕ ਦਾ ਕਤਲ ਕੇਸ ਹੱਲ

ਮੁਹਾਲੀ (ਗੁਰਜੀਤ ਬਿੱਲਾ) : ਡੇਰਾਬੱਸੀ 'ਚ ਗਾਇਕ ਨਵਜੋਤ ਸਿੰਘ ਉਰਫ ਈਸਾਪੁਰੀਆ ਵਿਰਕ ਦੇ ਕਤਲ ਦੇ ਸੰਬੰਧ ਇੱਕ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਡੀ ਜੀ ਪੀ ਗੌਰਵ ਯਾਦਵ ਨੇ ਸੋਸ਼ਲ ਮੀਡੀਆ 'ਤੇ ਦੱਸਿਆ ਕਿ 5 ਸਾਲ ਪਹਿਲਾਂ ਉਸ ਦਾ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਸੀ। ਉਸ ਸਮੇਂ ਉਸਦਾ ਕਤਲ ਲਵ ਐਂਗਲ ਅਤੇ ਜਾਇਦਾਦ ਨੂੰ ਲੈ ਕੇ ਮੰਨਿਆ ਜਾ ਰਿਹਾ ਸੀ। ਮੁਲਜ਼ਮ ਦੀ ਗ੍ਰਿਫਤਾਰੀ ਤੋਂ ਬਾਅਦ ਖੁਲਾਸਾ ਹੋਇਆ ਕਿ ਗਾਇਕ ਦੀ ਕਾਰ ਲੁੱਟਣ ਦੀ ਕੋਸ਼ਿਸ਼ ਕੀਤੀ ਗਈ ਸੀ। ਵਿਰੋਧ ਕਰਨ 'ਤੇ ਉਸਦੀ ਹੱਤਿਆ ਕਰ ਦਿੱਤੀ ਗਈ। ਹਮਲੇ ਵਿਚ ਅਭਿਸ਼ੇਕ ਉਰਫ ਰਜਤ ਅਤੇ ਸੌਰਭ ਨਾਂਅ ਦੇ ਦੋ ਨੌਜਵਾਨ ਸ਼ਾਮਲ ਸਨ। ਸੌਰਭ ਦੀ ਮੌਤ ਹੋ ਗਈ ਹੈ ਅਤੇ ਰਜਤ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।

ਸਰਕਾਰਾਂ ਮਾਈਕਰੋ ਫਾਈਨਾਂਸ ਕੰਪਨੀਆਂ ਦੀ ਗੁੰਡਾਗਰਦੀ ਬੰਦ ਕਰਾਉਣ : ਬਰਾੜ

ਚੰਡੀਗੜ੍ਹ : ਪੰਜਾਬ ਦੇ ਪਿੰਡਾਂ ਵਿਚਲੀਆਂ ਖੇਤ ਮਜ਼ਦੂਰ ਔਰਤਾਂ ਦੀ ਮਾਈਕਰੋ ਫਾਈਨਾਂਸ ਕੰਪਨੀਆਂ ਵੱਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਦਾ ਪੰਜਾਬ ਸੀ ਪੀ ਆਈ ਨੇ ਜ਼ੋਰਦਾਰ ਵਿਰੋਧ ਕਰਦਿਆਂ ਪੰਜਾਬ ਸਰਕਾਰ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਨੂੰ ਤੁਰੰਤ ਦਖਲ ਦੇਣ ਲਈ ਆਖਿਆ ਹੈ। ਸ਼ੁੱਕਰਵਾਰ ਇਥੇ ਪੰਜਾਬ ਸੀ ਪੀ ਆਈ ਦੇ ਸਕੱਤਰ ਸਾਥੀ ਬੰਤ ਸਿੰਘ ਬਰਾੜ ਨੇ ਆਖਿਆ ਕਿ ਪੰਜਾਬ ਦੀਆਂ ਪੇਂਡੂ ਬਹੁਗਿਣਤੀ ਗਰੀਬ ਔਰਤਾਂ ਦੀ ਇਨ੍ਹਾਂ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਬਣੀ ਹੋਈ ਹੈ। ਭਾਰੀ ਵਿਆਜ ਦਰਾਂ ਅਤੇ ਮਾਰੂ ਸ਼ਰਤਾਂ ਅਧੀਨ ਇਹ ਕੰਪਨੀਆਂ ਸਿੱਧੇ ਤੌਰ 'ਤੇ ਗੈਰ-ਕਾਨੂੰਨੀ ਅਤੇ ਮਾੜੇ ਇਰਾਦੇ ਨਾਲ ਇਨ੍ਹਾਂ ਔਰਤਾਂ ਨੂੰ ਕਰਜ਼-ਜਾਲ ਵਿਚ ਫਸਾ ਲੈਂਦੀਆਂ ਹਨ। ਉਗਰਾਹੀ ਵਾਸਤੇ ਗੁੰਡਿਆਂ ਦੀਆਂ ਧਾੜਾਂ ਨਾਲ ਘਰਾਂ ਦੇ ਸਾਜ਼ੋ-ਸਾਮਾਨ ਵੀ ਚੁੱਕ ਕੇ ਲੈ ਜਾਂਦੀਆਂ ਹਨ, ਕੁੱਟਮਾਰ ਕਰਦੀਆਂ ਅਤੇ ਜਿਸਮਾਨੀ ਤੌਰ 'ਤੇ ਵੀ ਔਰਤਾਂ ਦੀਆਂ ਇੱਜ਼ਤਾਂ ਨਾਲ ਖਿਲਵਾੜ ਕਰਦੀਆਂ ਹਨ।

ਸਾਥੀ ਬਰਾੜ ਨੇ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਫੌਰਨ ਇਨ੍ਹਾਂ ਗਰੀਬ ਵਰਗ ਦੀਆਂ ਔਰਤਾਂ ਦੀ ਸਹਾਇਤਾ ਲਈ ਅੱਗੇ ਆਉਣ ਅਤੇ ਬਿਨਾਂ ਲਾਈਸੈਂਸਾਂ ਤੋਂ ਕੰਮ ਕਰ ਰਹੀਆਂ ਕੰਪਨੀਆਂ ਵਿਰੁੱਧ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ 'ਤੇ ਪਾਬੰਦੀਆਂ ਲਾਈਆਂ ਜਾਣ। ਸਰਕਾਰਾਂ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਇਨ੍ਹਾਂ ਕੰਪਨੀਆਂ ਨੂੰ ਨਿਯਮਤ ● ਬਾਕੀ ਸਫ਼ਾ 2 'ਤੇ

7 ਨੰਬਰ ਜਰਸੀ ਰਿਟਾਇਰ

ਨਵੀਂ ਦਿੱਲੀ : ਭਾਰਤੀ ਕ੍ਰਿਕਟ ਕੰਟਰੋਲ ਬੋਰਡ ਨੇ ਵਿਸ਼ਵ ਕੱਪ ਜੇਤੂ ਕਪਤਾਨ ਮਹਿੰਦਰ ਸਿੰਘ ਧੋਨੀ ਦੀ 7 ਨੰਬਰ ਦੀ ਜਰਸੀ ਨੂੰ ਰਿਟਾਇਰ ਕਰਨ ਦਾ ਫੈਸਲਾ ਕੀਤਾ ਹੈ। ਭਾਰਤ ਦੇ ਇਸ ਸਾਬਕਾ ਕਪਤਾਨ ਨੇ ਦੇਸ਼ ਲਈ ਆਪਣਾ ਆਖਰੀ ਮੈਚ 2019 ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਨਿਊਜ਼ੀਲੈਂਡ ਖਿਲਾਫ ਖੇਡਿਆ ਸੀ। ਉਸ ਨੇ 15 ਅਗਸਤ 2020 ਨੂੰ ਸੰਨਿਆਸ ਦਾ ਐਲਾਨ ਕੀਤਾ ਅਤੇ ਉਸ ਤੋਂ ਬਾਅਦ ਕਿਸੇ ਹੋਰ ਖਿਡਾਰੀ ਨੇ 7 ਨੰਬਰ ਦੀ ਜਰਸੀ ਨਹੀਂ ਪਹਿਨੀ। ਸਚਿਨ ਤੇਂਦੁਲਕਰ ਦੇ 2013 'ਚ ਸੰਨਿਆਸ ਲੈਣ ਤੋਂ ਬਾਅਦ ਵੀ ਤੇਜ਼ ਗੇਂਦਬਾਜ਼ ਸਾਰਦੁਲ ਠਾਕੁਰ ਨੂੰ ਛੱਡ ਕੇ ਕਿਸੇ ਵੀ ਖਿਡਾਰੀ ਨੇ 10 ਨੰਬਰ ਦੀ ਜਰਸੀ ਨਹੀਂ ਪਹਿਨੀ ਸੀ। ਠਾਕੁਰ ਨੇ 2017 ਵਿੱਚ ਸ੍ਰੀਲੰਕਾ ਖਿਲਾਫ ਆਪਣੇ ਇਕ ਦਿਨਾ ਮੈਚ ਦੌਰਾਨ 10 ਨੰਬਰ ਦੀ ਜਰਸੀ ਪਹਿਨੀ ਸੀ ਪਰ ਸੋਸ਼ਲ ਮੀਡੀਆ ਉੱਤੇ ਇਸ ਦੀ ਆਲੋਚਨਾ ਹੋਈ ਸੀ। ਇਸ ਤੋਂ ਬਾਅਦ ਕਿਸੇ ਵੀ ਖਿਡਾਰੀ ਨੇ 10 ਨੰਬਰ ਵਾਲੀ ਜਰਸੀ ਨਹੀਂ ਪਾਈ।

ਸਰਕਾਰ ਬਿਆਨ ਦੇਣ ਲਈ ਤਿਆਰ ਨਹੀਂ, ਸੰਸਦ ਨਹੀਂ ਚੱਲੀ

ਨਵੀਂ ਦਿੱਲੀ : ਸੰਸਦ ਦੀ ਸੁਰੱਖਿਆ ਵਿਚ ਸੰਨ੍ਹ ਦੇ ਮਾਮਲੇ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਬਿਆਨ ਦੀ ਮੰਗ ਨੂੰ ਲੈ ਕੇ ਲੋਕ ਸਭਾ ਤੇ ਰਾਜ ਸਭਾ ਵਿਚ ਸ਼ੁੱਕਰਵਾਰ ਵੀ ਹੰਗਾਮਾ ਹੋਇਆ ਤੇ ਦੋਵੇਂ ਸਦਨ ਸੋਮਵਾਰ ਤਕ ਲਈ ਉਠਾ ਦਿੱਤੇ ਗਏ। ਸਦਨ ਦੇ ਬਾਹਰ ਲੋਕ ਸਭਾ ਦੇ 13 ਤੇ ਰਾਜ ਸਭਾ ਦੇ ਇਕ ਮੁਅੱਤਲ ਸਾਂਸਦ ਨੇ ਗਾਂਧੀ ਦੇ ਬੁੱਤ ਅੱਗੇ ਮੁਜ਼ਾਹਰਾ ਕੀਤਾ। ਸੋਨੀਆ ਗਾਂਧੀ ਵੀ ਇਨ੍ਹਾਂ ਨੂੰ ਮਿਲੇ।

ਵਿਰੋਧੀ ਧਿਰ ਦੇ ਗਠਜੋੜ ਇੰਡੀਆ ਨੇ ਸ਼ੁੱਕਰਵਾਰ ਮੁੜ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸੰਸਦ ਦੀ ਸੁਰੱਖਿਆ ਵਿਚ ਕੁਤਾਹੀ ਦੇ ਮੁੱਦੇ 'ਤੇ ਸਦਨ ਵਿਚ ਬਿਆਨ ਦੇਣਾ ਚਾਹੀਦਾ ਹੈ ਅਤੇ ਇਸ ਮਾਮ

16-DEC-PAGE-1.qxd 12/15/2023 10:26 PM Page 2

ਸੁਪੀਰੀਅਰ ਵਰਲਡ ਸਕੂਲ ਦੀਆਂ ਅਧਿਆਪਕਾਂ ਨੂੰ ਮਿਲਿਆ ਇਨੋਵੇਟਿਵ ਟੀਚਿੰਗ ਐਵਾਰਡ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲ ਐਂਡ ਐਸੋਸੀਏਸ਼ਨ ਆਫ ਪੰਜਾਬ ਵੱਲੋਂ 'ਬੈਸਟ ਟੀਚਰ' ਐਵਾਰਡ ਸਬੰਧੀ ਸਮਾਗਮ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਕਰਾਇਆ ਗਿਆ। ਸਮਾਗਮ ਦੌਰਾਨ ਦਾ ਸੁਪੀਰੀਅਰ ਵਰਲਡ ਸਕੂਲ ਦੀਆਂ ਅਧਿਆਪਕਾਂ ਪ੍ਰੀਤੀ ਪਦਮ (ਪੰਜਾਬੀ) ਅਤੇ ਉਰਵਸ਼ੀ ਰਾਣੀ (ਮੈਥਸ) ਨੂੰ ਫੈਪ ਅਵਾਰਡ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਵੱਲੋਂ 'ਬੈਸਟ ਟੀਚਰ' ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਦੱਸਿਆ ਕਿ ਦਾ ਸੁਪੀਰੀਅਰ ਵਰਲਡ ਸਕੂਲ ਦੀਆਂ ਅਧਿਆਪਕਾਂਵਾਂ ਵੱਲੋਂ ਇਸ ਐਵਾਰਡ ਲਈ ਵਧ-ਚੜ੍ਹ ਕੇ ਭਾਗ ਲਿਆ ਅਤੇ ਆਪਣੀ ਮਿਹਨਤ ਤੇ ਯੋਗਤਾ ਸਦਕਾ ਐਵਾਰਡ ਪ੍ਰਾਪਤ ਕਰ ਇਲਾਕੇ 'ਚ ਸੰਸਥਾ ਦਾ ਮਾਣ ਵਧਾਇਆ। ਬੈਸਟ ਟੀਚਰ ਐਵਾਰਡ ਪ੍ਰਾਪਤ ਕਰਨ ਵਾਲੀਆਂ ਅਧਿਆਪਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ ਦੀ ਬਦੌਲਤ ਇਹ ਵੱਡੀ ਪ੍ਰਾਪਤੀ ਹਾਸਲ ਹੋਈ ਹੈ, ਜਿਨ੍ਹਾਂ ਅਧੀਨ ਰਹਿ ਕੇ ਉਨ੍ਹਾਂ ਪੜ੍ਹਾਉਣ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੀਆਂ ਚੀਜ਼ਾਂ ਸਿੱਖੀਆਂ ਅਤੇ ਆਪਣੀ ਯੋਗਤਾ ਨੂੰ ਹੋਰ ਵਧਾਇਆ। ਉਨ੍ਹਾਂ ਦੱਸਿਆ ਕਿ ਸਕੂਲ ਵੱਲੋਂ ਸਮੇਂ-ਸਮੇਂ ਅਧਿਆਪਕਾਂ ਲਈ ਸੈਮੀਨਾਰ ਅਤੇ ਵਰਕਸ਼ਾਪਾਂ ਦਾ ਆਯੋਜਨ ਕਰਾਇਆ ਜਾਂਦਾ ਸੀ, ਜਿਸ ਸਦਕਾ ਉਨ੍ਹਾਂ ਦੀ ਕਾਬਲੀਅਤ ਵਿਚ ਹੋਰ ਵੀ ਨਿਖਾਰ ਆਇਆ। ਸਕੂਲ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਅਧਿਆਪਕਾਂ ਦਾ ਸਕੂਲ ਪੁੱਜਣ 'ਤੇ ਵੀ ਸਨਮਾਨ ਕਰ ਵਧਾਈਆਂ ਦਿੱਤੀਆਂ।

ਸਰਕਾਰੀ ਸੇਵਾਮੁਕਤ ਕਰਮਚਾਰੀ ਜਥੇਬੰਦੀ ਦੀ ਮੀਟਿੰਗ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਸਰਕਾਰੀ ਸੇਵਾਮੁਕਤ ਕਰਮਚਾਰੀ ਜਥੇਬੰਦੀ ਦੀ ਮੀਟਿੰਗ ਬੂਟਾ ਰਾਮ ਅਰੋੜਾ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਨਾਇਬ ਸਿੰਘ ਬਰਾੜ ਜਨਰਲ ਸਕੱਤਰ ਨੇ ਜਥੇਬੰਦੀਆਂ ਦੀਆਂ ਕਈ ਸਾਲਾਂ ਤੋਂ ਲਟਕਦੀਆਂ ਮੰਗਾਂ ਬਾਰੇ ਚਿੰਤਾ ਪ੍ਰਗਟ ਕੀਤੀ ਤੇ ਮੌਜੂਦਾ ਸਰਕਾਰ ਨੂੰ ਬੇਨਤੀ ਕੀਤੀ ਕਿ ਬਣਦੇ ਬਕਾਏ ਤੁਰੰਤ ਰਿਲੀਜ਼ ਕੀਤੇ ਜਾਣ। ਹਰਜੀਤ ਸਿੰਘ ਬੇਦੀ, ਪ੍ਰਿੰਸੀਪਲ ਬਲਵੀਰ ਸਿੰਘ, ਮਹਿਲ ਸਿੰਘ ਅਲਪਾ ਕਰਮੂਵਾਲਾ ਨੇ ਮੰਗਾਂ ਪ੍ਰਤੀ ਸਰਕਾਰ ਨੂੰ ਸੁਚੇਤ ਕੀਤਾ ਕਿ ਪੈਨਸ਼ਨਰਾਂ ਦਾ ਬੁਢਾਪਾ ਰੋਲ ਕੇ ਤੁਸੀਂ ਸੱਤਾ ਤੋਂ ਹੱਥ ਧੋ ਬੈਠੋਗੇ। ਤੁਹਾਡੇ ਸਭਨਾਂ 'ਤੇ ਵੀ ਬੁਢਾਪਾ ਆਉਣਾ ਹੈ, 'ਜੈਸੀ ਕਰਨੀ ਵੈਸੀ ਭਰਨੀ' ਕਹਾਵਤ ਨੂੰ ਪੱਲ੍ਹੇ ਬੰਨ੍ਹ ਲਓ। ਮੀਟਿੰਗ ਵਿੱਚ ਪ੍ਰਧਾਨ ਬੂਟਾ ਰਾਮ ਅਰੋੜਾ ਨੇ 17 ਦਸੰਬਰ ਦੇ ਪੈਨਸ਼ਨਰ ਡੇਅ ਦੀਆਂ ਸਾਰਿਆਂ ਨੂੰ ਮੁਬਾਰਕਾਂ ਦਿੱਤੀਆਂ। ਡੀ ਐੱਸ ਨਾਕੜਾ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਪੈਨਸ਼ਨਰਾਂ ਪ੍ਰਤੀ ਦੇਣ ਦੀ ਸ਼ਲਾਘਾ ਕੀਤੀ। ਵਾਈ ਵੀ ਚੰਦਰਚੂੜ ਜਸਟਿਸ ਤੇ ਉਨ੍ਹਾਂ ਦੇ ਬੈਂਚ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸਤਿਕਾਰ ਵਿੱਚ ਸਿਰ ਝਕਾਇਆ। ਅੰਤ ਵਿਚ ਪੰਜਾਬ ਤੇ ਦੇਸ਼ ਦੇ ਸਭ ਪੈਨਸ਼ਨਰਾਂ ਨੂੰ ਪੈਨਸ਼ਨਰ ਡੇਅ ਦੀਆਂ ਵਧਾਈਆਂ ਦਿੱਤੀਆਂ ਅਤੇ ਆਸ ਕੀਤੀ ਕਿ ਜਥੇਬੰਦੀ ਦੀ ਜਿਥੇ ਵੀ ਕਿਸੇ ਕੁਰਬਾਨੀ ਦੀ ਲੋੜ ਪਵੇਗੀ। ਇਸ ਬਾਰੇ ਪੈਨਸ਼ਨਰ ਸਾਥੀ ਪਾਸਾ ਨਹੀਂ ਵੱਟਣਗੇ।

ਧੀ ਦੇ ਜਨਮ ਦਿਨ ਮੌਕੇ ਬੱਚਿਆਂ ਨੂੰ ਵੰਡੀਆਂ ਕਾਪੀਆਂ-ਪੈਨਸਲਾਂ

ਸੰਗਤ ਮੰਡੀ (ਰਾਜਦੀਪ ਜੋਸ਼ੀ)-ਪਿੰਡ ਘੁੱਦਾ ਵਿਖੇ ਸਰਕਾਰੀ ਬ੍ਰਾਂਚ ਸਕੂਲ ਵਿੱਚ ਅਮਨਦੀਪ ਸਿੰਘ ਵਾਸੀ ਪਿੰਡ ਘੁੱਦਾ ਨੇ ਆਪਣੀ ਬੇਟੀ ਕੰਚਨਦੀਪ ਕੌਰ ਦੇ ਜਨਮ ਦਿਨ ਮੌਕੇ ਬੱਚਿਆਂ ਨੂੰ ਕਾਪੀਆਂ ਪੈਨਸਲਾਂ ਵੰਡੀਆਂ। ਇਸ ਮੌਕੇ ਕੰਚਨਦੀਪ ਕੌਰ ਦੇ ਪਿਤਾ ਅਮਨਦੀਪ ਸਿੰਘ ਤੇ ਮਾਤਾ ਸੁਖਜਿੰਦਰ ਕੌਰ ਨੇ ਕਿਹਾ ਕਿ ਸਾਨੂੰ ਬਹੁਤ ਮਾਣ ਮਹਿਸੂਸ ਹੋਇਆ ਕਿ ਅਸੀਂ ਆਪਣੀ ਬੇਟੀ ਦੇ ਜਨਮ ਦਿਨ ਮੌਕੇ ਬੱਚਿਆਂ ਨੂੰ ਕਾਪੀਆਂ ਪੈਨਸਲਾਂ ਵੰਡੀਆਂ। ਇਸ ਮੌਕੇ ਸਕੂਲ ਅਧਿਆਪਕਾਂ ਤੋਂ ਇਲਾਵਾ ਪਰਵਾਰਕ ਮੈਂਬਰ ਬੇਟੀ ਦੇ ਦਾਦਾ-ਦਾਦੀ ਅੰਗਰੇਜ਼ ਸਿੰਘ, ਅਮਰਜੀਤ ਕੌਰ ਤੇ ਸਮਾਜ ਸੇਵਕ ਗੁਰਲਾਲ ਸਿੰਘ ਸ਼ਾਮਲ ਸਨ।

ਮਾਸਟਰ ਸਤਪਾਲ ਗੋਇਲ ਨੇ ਬੇਰੀਆਂ ਲਾ ਕੇ ਜਨਮ ਦਿਨ ਮਨਾਇਆ

ਰਾਮਪੁਰਾਫੂਲ (ਦਰਸ਼ਨ ਜਿੰਦਲ)-ਮਾਸਟਰ ਸਤਪਾਲ ਗੋਇਲ ਪ੍ਰਧਾਨ ਸੇਵਾਮੁਕਤ ਅਧਿਆਪਕ ਯੂਨੀਅਨ ਨੇ ਆਪਣਾ 73ਵਾਂ ਜਨਮ ਦਿਨ ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਰਜਿ: ਦੇ ਵਲੰਟੀਅਰਾਂ, ਧਰਮਪਾਲ ਢੱਡਾ, ਨਾਮਧਾਰੀ ਨਿਰਪਾਲ ਸਿੰਘ, ਨਾਜ਼ਰ ਸਿੰਘ ਨਾਫਰੀਆ, ਮਾਸਟਰ ਗੁਰਪਾਲ ਸਿੰਘ, ਅਧਿਆਪਕ ਨਿਰਭੈ ਸਿੰਘ, ਐਡਵੋਕੇਟ ਕ੍ਰਿਸ਼ਨ ਚੰਦ ਜੈਨ, ਗੁਰਗਿਆਨ ਸਿੰਘ ਜੇ ਈ, ਰੁਪਿੰਦਰ ਸਿੰਘ ਪੀ ਐਸ ਪੀ ਸੀ ਐਲ, ਅਮਰਨਾਥ , ਲਾਲੀ, ਰਜਿੰਦਰ ਕੁਮਾਰ ਬਾਹੀਆ, ਅੰਮ੍ਰਿਤਪਾਲ ਵਿਕੀ, ਰੌਬਿਨ ਪਲੰਬਰ, ਤਰੁਨ ਖੰਨਾ ਨਾਲ ਦੋ ਦਰਜਨ ਬੇਰੀਆਂ ਲਾ ਕੇ ਮਨਾਇਆ। ਗੋਇਲ ਪਰਵਾਰ ਨੇ ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਵੱਲੋਂ ਕੀਤੇ ਜਾਂਦੇ ਨੇਕ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਨੂੰ 2100 ਰੁਪਏ ਦੀ ਇਮਦਾਦ ਦਿੱਤੀ ਅਤੇ ਕਿਹਾ ਕਿ ਪੰਛੀਆਂ ਦੇ ਰੈਣ ਬਸੇਰੇ ਲਈ ਬੇਰੀ ਦਾ ਰੁੱਖ ਬਹੁਤ ਹੀ ਸੁਰੱਖਿਅਤ ਹੈ। ਮਾਸਟਰ ਸਤਪਾਲ ਗੋਇਲ ਨੇ ਸੁਸਾਇਟੀ ਦੀ ਚੜ੍ਹਦੀ ਕਲਾ ਲਈ ਭਵਿੱਖ ਵਿੱਚ ਹੋਰ ਮਦਦ ਦਾ ਭਰੋਸਾ ਦਿੰਦੇ ਹੋਏ ਕਿਹਾ ਕਿ ਹਰੇਕ ਵਿਅਕਤੀ ਨੂੰ ਆਪਣੇ ਜਨਮ ਦਿਨ ਪਰ ਅਤੇ ਆਪਣੇ ਪੁਰਖਿਆਂ ਦੀ ਯਾਦ ਵਿੱਚ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ। ਗਰੀਨ ਮਿਸ਼ਨ ਵੈੱਲਫੇਅਰ ਸੁਸਾਇਟੀ ਵੱਲੋ ਸਤਪਾਲ ਗੋਇਲ ਨੂੰ ਸਨਮਾਨ ਚਿੰਨ੍ਹ ਦੇ ਕਰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਬਾਅਦ ਵਿੱਚ ਰਿਫਰੈਸ਼ਮੈਂਟ ਦਾ ਖ਼ੂਬ ਅਨੰਦ ਮਾਣਿਆ।

ਵਿਦਿਆਰਥਣਾਂ ਨੂੰ ਗੁਰੂ ਗੋਬਿੰਦ ਸਿੰਘ ਕਾਲਜ ਫਾਰ ਵਿਮਨ ਝਾੜ ਸਾਹਿਬ ਦੀ ਵਿਜ਼ਟ ਕਰਾਈ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਵੋਕੇਸ਼ਨਲ ਸਿੱਖਿਆ ਅਧੀਨ ਚੱਲ ਰਹੇ ਟ੍ਰੇਡ ਅਪ੍ਰੈਲ ਦੀਆਂ 9 ਵੀਂ, 10ਵੀਂ, 11ਵੀਂ, 12ਵੀਂ ਦੀਆਂ ਵਿਦਿਆਰਥਣਾਂ ਨੂੰ ਕਾਰਜਕਾਰੀ ਪ੍ਰਿੰਸੀਪਲ ਸ੍ਰੀਮਤੀ ਹਰਦੀਪ ਕੌਰ ਦੀ ਯੋਗ ਅਗਵਾਈ ਹੇਠ ਗੁਰੂ ਗੋਬਿੰਦ ਸਿੰਘ ਕਾਲਜ ਫਾਰ ਵਿਮਨ ਝਾੜ ਸਾਹਿਬ ਰੋਪੜ ਦੀ ਵਿਜ਼ਿਟ ਕਰਾਈ ਗਈ, ਜਿਸ ਦਾ ਉਦੇਸ਼ ਵਿਦਿਆਰਥਣਾਂ ਨੂੰ ਅਜੋਕੇ ਸਮੇਂ ਵਿੱਚ ਕੱਪੜੇ ਸਬੰਧਤ ਜਾਣਕਾਰੀ, ਰਿਸਰਚ ਤੇ ਡਿਵੈਲਪਮੈਂਟ, ਧਾਗੇ ਤੋਂ ਗਾਰਮੈਂਟ ਬਣਾਉਣ, ਇੰਡਸਟਰੀ ਵਿੱਚ ਵਪਾਰਕ ਕੰਮ ਬਾਰੇ ਅਤੇ ਭਵਿੱਖ ਵਿੱਚ ਕੱਪੜਾ ਤੇ ਗਾਰਮੈਂਟ ਉਦਯੋਗ ਵਿੱਚ ਨੌਕਰੀ ਪੇਸ਼ਾ ਬਾਰੇ ਜਾਣੂ ਕਰਾਉਣਾ ਸੀ। ਸੰਸਥਾ ਵਿਖੇ ਪਹੁੰਚਣ 'ਤੇ ਪ੍ਰਿੰਸੀਪਲ ਸ੍ਰੀਮਤੀ ਮਹਿੰਦਰਪਾਲ ਕੌਰ ਤੇ ਸ੍ਰੀਮਤੀ ਜਸਵੀਰ ਕੌਰ ਤੇ ਸਾਰੇ ਸਟਾਫ਼ ਨੇ ਵਿਦਿਆਰਣਾਂ ਅਤੇ ਨਾਲ ਗਏ ਸਟਾਫ਼ ਦਾ ਸਵਾਗਤ ਕਰਨ ਉਪਰੰਤ ਸੰਸਥਾ ਦੀ ਵਿਜਟ ਕਰਾਈ ਗਈ, ਇਸ ਵਿੱਚ ਡਿਜਾਇਨਿੰਗ, ਗਾਰਮੈਂਟ, ਗਾਰਮੈਂਟ ਡਿਜ਼ਾਇਨਿੰਗ, ਸਿਲਾਈ, ਟੈਸਟਿੰਗ ਉਪਕਰਣਾਂ, ਰਿਸਰਚ ਤੇ ਡਿਵੈਲਪਮੈਂਟ ਬਾਰੇ ਜਾਣਕਾਰੀ ਦਿੱਤੀ। ਇਸ ਵਿਜ਼ਿਟ ਦੌਰਾਨ ਬੱਚਿਆਂ ਨੂੰ ਬਹੁਤ ਕੁੱਝ ਸਿੱਖਣ ਨੂੰ ਮਿਲਿਆ। ਵਿਸ਼ਾ ਅਧਿਆਪਕ ਅਸ਼ਵਨੀ ਕੁਮਾਰ ਨੇ ਪ੍ਰਿੰਸੀਪਲ ਸ੍ਰੀਮਤੀ ਮਹਿੰਦਰਪਾਲ ਕੌਰ ਤੇ ਸ੍ਰੀਮਤੀ ਜਸਵੀਰ ਕੌਰ ਅਤੇ ਸਾਰੇ ਸਟਾਫ਼ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਵਿਜ਼ਿਟ ਨੂੰ ਰੋਚਕ ਤੇ ਜਾਣਕਾਰੀ ਭਰਪੂਰ ਬਣਾਉਣ ਲਈ ਪਹਿਲਾਂ ਤੋਂ ਹੀ ਯੋਜਨਾਬੱਧ ਤਰੀਕੇ ਨਾਲ ਉਲੀਕੇ ਪ੍ਰੋਗਰਾਮ ਅਨੁਸਾਰ ਨੇਪਰੇ ਚਾੜ੍ਹਨ ਵਿੱਚ ਸਹਿਯੋਗ ਦਿੱਤਾ।

ਚਿੱਟੀ 'ਚ ਗੁਰਮੀਤ ਕੌਰ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ

ਕਾਲਾ ਸੰਘਿਆਂ (ਮਨਜੀਤ ਮਾਨ)-ਦੋਆਬੇ ਦੇ ਪ੍ਰਸਿੱਧ ਪਿੰਡ ਚਿੱਟੀ ਜਿਲ੍ਹਾ ਜਲੰਧਰ ਵਿਖੇ ਲਾਂਬੜਾ ਸਰਕਲ ਦੇ ਸਿਰਕੱਢ ਅਕਾਲੀ ਆਗੂ ਰਹੇ ਸਵਰਗਵਾਸੀ ਜਥੇਦਾਰ ਸਾਧੂ ਸਿੰਘ ਮਠਾੜੂ ਦੀ ਧਰਮਪਤਨੀ ਸਰਦਾਰਨੀ ਗੁਰਮੀਤ ਕੌਰ ਮਠਾੜੂ ਸੰਖੇਪ ਜਿਹੀ ਬਿਮਾਰੀ ਪਿੱਛੋਂ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਨਮਿੱਤ ਆਰੰਭ ਕੀਤੇ ਗਏ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ੍ਰੀ ਆਖੰਡ ਪਾਠ ਸਾਹਿਬ ਪਾਠ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਉਣ ਤੋਂ ਉਪਰੰਤ ਗੁਰਦੁਆਰਾ ਸਾਹਿਬ ਪਾਸਾ ਕੱਚਾ ਚਿੱਟੀ ਵਿਖੇ ਦੀਵਾਨ ਸਜਾਏ ਗਏ, ਜਿਸ ਵਿੱਚ ਭਾਈ ਅਮਰਦੀਪ ਸਿੰਘ ਤੇ ਭਾਈ ਜਸਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਬੇਬੇ ਨਾਨਕੀ ਸੁਲਤਾਨਪੁਰ ਲੋਧੀ ਦੇ ਜਥੇ ਵਲੋਂ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਿਆ ਅਰਦਾਸ ਤੋਂ ਉਪਰੰਤ ਸ਼ਰਧਾਂਜ਼ਲੀ ਸਮਾਗਮ ਵਿੱਚ ਜਥੇਦਾਰ ਗੁਰਦੇਵ ਸਿੰਘ ਨਿੱਝਰ, ਆਗਿਆਕਾਰ ਸਿੰਘ ਵਡਾਲਾ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜਥੇਦਾਰ ਭੁਪਿੰਦਰ ਸਿੰਘ ਲੱਲੀਆਂ ਕਲਾਂ, ਤਜਿੰਦਰ ਸਿੰਘ ਨਿੱਝਰ, ਮਨਜੀਤ ਮਾਨ ਸੂਬਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ ਰਜਿ. ਪੰਜਾਬ ਵੱਲੋਂ ਮਾਤਾ ਗੁਰਮੀਤ ਕੌਰ ਮਠਾੜੂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਸਟੇਜ ਸਕੱਤਰ ਦੀ ਜਿੰਮੇਵਾਰੀ ਸ਼੍ਰੋਮਣੀ ਪੰਥਕ ਢਾਡੀ ਤੀਰਥ ਸਿੰਘ ਚਿੱਟੀ ਵੱਲੋਂ ਨਿਭਾਈ ਗਈ। ਇਸ ਮੌਕੇ ਜਥੇਦਾਰ ਸਾਧੂ ਸਿੰਘ ਮਠਾੜੂ ਯੂ ਕੇ ਸਪੁੱਤਰ ਗੁਰਦੇਵ ਸਿੰਘ ਮਠਾੜੂ ਨੇ ਆਪਣੀ ਮਾਤਾ ਦੀ ਨਿੱਘੀ ਯਾਦ 'ਚ ਗੁਰਦੁਆਰਾ ਸੰਤ ਹੀਰਾ ਦਾਸ ਨੂੰ ਇੱਕ ਲੱਖ ਰੁਪਏ, ਗੁਰਦੁਆਰਾ ਕੱਚਾ ਪਾਸਾ ਨੂੰ 11 ਹਜ਼ਾਰ ਰੁਪਏ, ਮੱਜ਼ਬੀ ਸਿੰਘਾਂ ਦੇ ਦੋ ਗੁਰਦਵਾਰਾ ਸਾਹਿਬ ਨੂੰ 31-31 ਸੌ ਰੁਪਏ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮੁਹੱਲਾ ਨੂੰ 3100 ਰੁਪਏ, ਗੁਰਦੁਆਰਾ ਕਲੋਨੀ ਨੂੰ 3100 ਰੁਪਏ ਅਤੇ ਸ਼ਿਵ ਮੰਦਰ ਚਿੱਟੀ ਨੂੰ 3100 ਰੁਪਏ ਦੀ ਸੇਵਾ ਕਰਵਾਈ ਜਥੇਦਾਰ ਸਾਹਿਬ ਦੀ ਸਪੁੱਤਰੀ ਹਰਵਿੰਦਰ ਕੌਰ ਤੇ ਦਾਮਾਦ ਕੁੰਦਨ ਸਿੰਘ ਵੱਲੋਂ 5100 ਰੁਪਏ, ਗੁਰਦੁਆਰਾ ਕੱਚਾ ਪਾਸਾ ਅਤੇ 5100 ਰੁਪਏ ਦੀ ਸੇਵਾ ਗੁਰਦੁਆਰਾ ਪਾਸਾ ਪਿੰਪਲਾਂ ਵਾਲਾ ਨੂੰ ਕੀਤੀ ਗਈ। ਸਪੁੱਤਰੀ ਮਨਜੀਤ ਕੌਰ ਅਤੇ ਦਾਮਾਦ ਮਹਿੰਦਰ ਸਿੰਘ ਵੱਲੋਂ 5100 ਰੁਪਏ ਦੀ ਸੇਵਾ ਗੁਰਦੁਆਰਾ ਕੱਚਾ ਪਾਸਾ ਦੀ ਕੀਤੀ ਗਈ, ਜਥੇਦਾਰ ਸਾਹਿਬ ਦੀ ਸਪੁੱਤਰੀ ਭੁਪਿੰਦਰ ਕੌਰ ਤੇ ਦਾਮਾਦ ਹਰਵਿੰਦਰ ਸਿੰਘ ਇਟਲੀ ਵੱਲੋਂ ਗੁਰਦੁਆਰਾ ਕੱਚਾ ਪਾਸਾ ਦੀ 5100 ਰੁਪਏ ਦੀ ਸੇਵਾ ਭੇਜੀ ਗਈ, ਸਪੁੱਤਰੀ ਲਖਵਿੰਦਰ ਕੌਰ ਅਤੇ ਦਾਮਾਦ ਦਲਜੀਤ ਸਿੰਘ ਵੱਲੋਂ ਗੁਰਦੁਆਰਾ ਕੱਚਾ ਪਾਸਾ ਦੀ 5100 ਰੁਪਏ ਅਤੇ 5100 ਰੁਪਏ ਦੀ ਸੇਵਾ ਰਵਿੰਦਰ ਕੌਰ ਅਤੇ ਕੁਲਵਿੰਦਰ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਵਾਸਤੇ ਕੀਤੀ ਗਈ ਸਰਦਾਰਨੀ ਗੁਰਮੀਤ ਕੌਰ ਮਠਾੜੂ ਦੀਆਂ ਭਤੀਜੀਆਂ ਨਰਿੰਦਰ ਕੌਰ ਪਤਨੀ ਪਰਮਜੀਤ ਸਿੰਘ ਸਿੰਘ ਪਨੇਸਰ ਯੂ ਕੇ, ਜਸਵਿੰਦਰ ਕੌਰ ਪਤਨੀ ਮਨਜੀਤ ਸਿੰਘ ਵਿਰਦੀ ਗੁਰਬਖਸ਼ ਕੌਰ ਪਤਨੀ ਬਲਵਿੰਦਰ ਸਿੰਘ ਪਨੇਸਰ ਯੂ ਕੇ ਅਤੇ ਭਤੀਜੀ ਤਰਸੇਮ ਸਿੰਘ ਮਠਾੜੂ ਬੀਬੀ ਕੁਲਵਿੰਦਰ ਕੌਰ ਮਠਾੜੂ, ਕੁਲਦੀਪ ਸਿੰਘ ਮਠਾੜੂ, ਬੀਬੀ ਕਮਲਜੀਤ ਕੌਰ ਮਠਾੜੂ ਨੇ ਗੁਰਦੁਆਰਾ ਕੱਚਾ ਪਾਸਾ ਨੂੰ 5100 ਰੁਪਏ ਗੁਰਦੁਆਰਾ ਪਿੱਪਲਾਂ ਵਾਲਾ ਪਾਸਾ 5100 ਰੁਪਏ, ਗੁਰਦੁਆਰਾ ਸਾਹਿਬ ਸੰਤ ਹੀਰਾ ਦਾਸ 5100 ਰੁਪਏ ਭੇਟ ਕੀਤੇ ਇਸ ਮੌਕੇ ਜਥੇਦਾਰ ਗੁਰਦੇਵ ਸਿੰਘ ਅਠਵਾਲ, ਪਰਮਜੀਤ ਸਿੰਘ ਅਠਵਾਲ, ਸੰਦੀਪ ਸਿੰਘ ਮਾਨ ਕਾਲਾ ਸੰਘਿਆਂ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੰਤੋਖ ਸਿੰਘ, ਮਾਸਟਰ ਨਰਿੰਦਰ ਸਿੰਘ ਚਿੱਟੀ,ਅਵਤਾਰ ਸਿੰਘ, ਕੈਸੀਅਰ ਹਰਭਜਨ ਸਿੰਘ ਤੇ ਗੁਰਦੁਆਰਾ ਸਾਹਿਬ ਕੱਚਾ ਪਾਸਾ ਦੇ ਪ੍ਰਧਾਨ ਬਲਵੀਰ ਸਿੰਘ ਨੇ ਸਰਦਾਰਨੀ ਗੁਰਮੀਤ ਕੌਰ ਮਠਾੜੂ ਨੂੰ ਸਰਧਾ ਦੇ ਫੁੱਲ ਭੇਟ ਕੀਤੇ।

ਗਰਭਵਤੀ ਔਰਤਾਂ ਦੀ ਮੌਤ ਦਰ 'ਚ ਕਮੀ ਲਈ ਐਮ ਡੀ ਆਰ ਦੀ ਰੀਵਿਊ ਮੀਟਿੰਗ

ਮਾਨਸਾ (ਆਤਮਾ ਸਿੰਘ ਪਮਾਰ)

ਗਰਭਵਤੀ ਮਾਂਵਾਂ ਦੀ ਮੌਤ ਦਰ ਘੱਟ ਕਰਨ ਦੇ ਮਕਸਦ ਨਾਲ ਡਾ. ਰਣਜੀਤ ਸਿੰਘ ਰਾਏ ਸਿਵਲ ਸਰਜਨ ਦੀ ਪ੍ਰਧਾਨਗੀ ਹੇਠ ਐਮ.ਡੀ.ਆਰ.ਦੀ ਇੱਕ ਰੀਵਿਊ ਮੀਟਿੰਗ ਦਫ਼ਤਰ ਸਿਵਲ ਸਰਜਨ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਡਾ. ਵੇਦ ਪ੍ਰਕਾਸ਼ ਸੰਧੂ ਸਹਾਇਕ ਸਿਵਲ ਸਰਜਨ, ਡਾ. ਸੇਰਜੰਗ ਸਿੰਘ ਸਿੱਧੂ, ਡਾ.ਬਲਜਿੰਦਰ ਕੌਰ ਸੀਨੀਅਰ ਮੈਡੀਕਲ ਅਫ਼ਸਰ ਖਿਆਲ ਕਲਾਂ, ਡਾ. ਗੁਰਚੇਤਨ ਪ੍ਰਕਾਸ਼ ਸੀਨੀਅਰ ਮੈਡੀਕਲ ਅਫਸਰ ਬੁਢਲਾਡਾ, ਡਾਕਟਰ ਕਮਲਪ੍ਰੀਤ ਕੌਰ ਬਰਾੜ ਜ਼ਿਲ੍ਹਾ ਟੀਕਾਕਰਨ ਅਫ

16-DEC-PAGE-3.qxd 12/15/2023 10:33 PM Page 1

ਤੁਹਾਨੂੰ ਸਰਕਾਰ ਨਾਲ ਕੋਈ ਕੰਮ ਹੈ ?

1076

'ਤੇ ਮੈਨੂੰ ਫ਼ੋਨ ਕਰੋ

43 ਸਰਕਾਰੀ ਸੇਵਾਵਾਂ ਤੁਹਾਡੇ ਘਰ ਮਿਲਣਗੀਆਂ

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਨਾ ਸਰਕਾਰੀ ਦਫ਼ਤਰਾਂ ਦਾ ਚੱਕਰ, ਨਾ ਕਤਾਰਾਂ ਦਾ ਝੰਜਟ, ਨਾ ਹੀ ਕੋਈ ਰਿਸ਼ਵਤ

ਪ੍ਰਕਿਰਿਆ

1. ਨਾਗਰਿਕ ਸਮਰਪਿਤ ਹੈਲਪਲਾਈਨ ਨੰਬਰ 1076 'ਤੇ ਕਾਲ ਕਰਕੇ ਅਤੇ ਆਪਣੀ ਸਹੂਲਤ ਅਨੁਸਾਰ ਸਮਾਂ ਨਿਸ਼ਚਿਤ ਕਰਕੇ ਸੇਵਾ ਦਾ ਲਾਭ ਉਠਾ ਸਕਦੇ ਹਨ। ਕਾਲ ਸੈਂਟਰ ਉਹੀ ਹੈ, ਜੋ ਦਿੱਲੀ ਦੀ ਡੋਰ-ਸਟੈਪ ਡਿਲੀਵਰੀ ਲਈ ਵਰਤਿਆ ਜਾ ਰਿਹਾ ਹੈ।
2. ਨਾਗਰਿਕਾਂ ਨੂੰ ਸੇਵਾ ਪ੍ਰਾਪਤ ਕਰਨ ਲਈ ਜ਼ਰੂਰੀ ਦਸਤਾਵੇਜ਼ਾਂ ਅਤੇ ਬਣਦੀ ਫ਼ੀਸ ਆਦਿ ਸਬੰਧੀ ਸੂਚਿਤ ਕੀਤਾ ਜਾਵੇਗਾ।
3. ਨਾਗਰਿਕਾਂ ਨੂੰ ਜ਼ਰੂਰੀ ਦਸਤਾਵੇਜ਼ਾਂ ਦੀ ਸੂਚੀ ਅਤੇ ਨਿਰਧਾਰਤ ਮਿਤੀ/ਸਮੇਂ ਬਾਰੇ ਇੱਕ ਐਸ.ਐਮ.ਐਸ. ਪ੍ਰਾਪਤ ਹੋਵੇਗਾ।
4. ਡੋਰ ਸਟੈਪ ਡਿਲੀਵਰੀ ਅਰਥਾਤ ਨਾਗਰਿਕ ਦੇ ਘਰ/ਕੰਮ ਵਾਲੀ ਥਾਂ 'ਤੇ ਜਾਣ ਦੀ ਫ਼ੀਸ 120 ਰੁਪਏ (ਪ੍ਰਮਾਣ ਪੱਤਰ ਦੀ ਵਾਪਸੀ ਸਮੇਤ) ਹੋਵੇਗੀ।
5. ਕੋਈ ਵੀ ਸੇਵਾ ਪ੍ਰਾਪਤ ਕਰਨ ਲਈ ਤੈਅਸ਼ੁਦਾ ਸਰਕਾਰੀ ਫ਼ੀਸ ਲਈ ਜਾਵੇਗੀ।
6. ਵਿਸ਼ੇਸ਼ ਰੂਪ 'ਚ ਸਿਖਲਾਈ ਪ੍ਰਾਪਤ ਕਰਮਚਾਰੀ ਟੈਬਲੇਟ ਲੈ ਕੇ ਨਿਰਧਾਰਤ ਸਮੇਂ 'ਤੇ ਸਬੰਧਤ ਨਾਗਰਿਕ ਦੇ ਘਰ/ਕੰਮ ਵਾਲੀ ਥਾਂ 'ਤੇ ਜਾਣਗੇ ਅਤੇ ਜ਼ਰੂਰੀ ਕਾਗ਼ਜ਼ੀ ਕਾਰਵਾਈ ਉਪਰੰਤ ਫ਼ੀਸ ਪ੍ਰਾਪਤ ਕਰਕੇ ਉਸ ਨੂੰ ਇੱਕ ਰਸੀਦ ਦੇਣਗੇ ਜਿਸ ਨਾਲ ਨਾਗਰਿਕ ਆਪਣੇ ਬਿਨੈ-ਪੱਤਰ ਦੀ ਸਥਿਤੀ ਜਾਣ ਸਕਣਗੇ।
7. 'ਪੰਜਾਬ ਜਨਤਕ ਸੇਵਾਵਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਐਕਟ' ਤਹਿਤ ਵਿਅਕਤੀ ਨੂੰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਤੋਂ ਬਾਅਦ ਨਿਰਧਾਰਿਤ ਸਮਾਂ-ਸੀਮਾ ਅੰਦਰ ਉਸ ਦੇ ਮੋਬਾਈਲ 'ਤੇ ਇੱਕ ਕਿਊ.ਆਰ. ਕੋਡ ਵਾਲਾ ਡਿਜੀਟਲੀ ਹਸਤਾਖਰਿਤ ਸਰਟੀਫ਼ਿਕੇਟ ਪ੍ਰਾਪਤ ਹੋਵੇਗਾ ਅਤੇ ਵਿਅਕਤੀ ਨੂੰ ਉਸ ਦੇ ਘਰ ਸਰਟੀਫ਼ਿਕੇਟ ਦੀ ਹਾਰਡ ਕਾਪੀ ਵੀ ਭੇਜੀ ਜਾਵੇਗੀ।

ਸੇਵਾਵਾਂ ਦੀ ਸੂਚੀ

ਲੜੀ ਨੰ.	ਉਪਲਬਧ ਸੇਵਾ ਦਾ ਨਾਮ	ਵਿਭਾਗ	ਲੜੀ ਨੰ.	ਉਪਲਬਧ ਸੇਵਾ ਦਾ ਨਾਮ	ਵਿਭਾਗ
1.	ਜਨਮ/ਐਨ.ਏ.ਸੀ. ਸਰਟੀਫ਼ਿਕੇਟ	ਸਿਹਤ	23.	ਭਾਰ-ਮੁਕਤ ਸਰਟੀਫ਼ਿਕੇਟ	ਮਾਲ
2.	ਆਮਦਨ ਸਰਟੀਫ਼ਿਕੇਟ	ਮਾਲ	24.	ਇਕੁਇਟੀ ਐਂਟਰੀ ਆਫ਼ ਮੌਰਟਗੇਜ	ਮਾਲ
3.	ਹਲਫ਼ੀਆ ਬਿਆਨ ਤਸਦੀਕੀਕਰਨ	ਮਾਲ	25.	ਜਨਮ ਸਰਟੀਫ਼ਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ	ਸਿਹਤ
4.	ਲਾਭਪਾਤਰੀਆਂ ਦੇ ਬੱਚਿਆਂ ਲਈ ਵਜ਼ੀਫ਼ਾ	ਕਿਰਤ	26.	ਹੋਰ ਪੱਛੜੇ ਵਰਗ ਸਰਟੀਫਿਕੇਟ (ਓ.ਬੀ.ਸੀ.)	ਸਮਾਜਿਕ ਨਿਆਂ
5.	ਨਿਵਾਸ ਪ੍ਰਮਾਣ-ਪੱਤਰ (ਰੈਜ਼ੀਡੈਂਸ ਸਰਟੀਫ਼ਿਕੇਟ)	ਪ੍ਰਸੋਨਲ	27.	ਆਮਦਨ ਅਤੇ ਸੰਪਤੀ ਸਰਟੀਫ਼ਿਕੇਟ (ਈ.ਡਬਲਿਊ.ਐਸ.)	ਸਮਾਜਿਕ ਨਿਆਂ
6.	ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ	ਕਿਰਤ	28.	ਦਿਵਿਆਂਗਜਨਾਂ ਲਈ ਪੈਨਸ਼ਨ	ਸਮਾਜਿਕ ਸੁਰੱਖਿਆ
7.	ਬੁਢਾਪਾ ਪੈਨਸ਼ਨ	ਸਮਾਜਿਕ ਸੁਰੱਖਿਆ	29.	ਫਰਦ ਦੀ ਕਾਪੀ	ਮਾਲ
8.	ਪੱਛੜੀ ਸ਼੍ਰੇਣੀ ਸਰਟੀਫ਼ਿਕੇਟ	ਸਮਾਜਿਕ ਨਿਆਂ	30.	ਅਪੰਗਤਾ ਸਰਟੀਫ਼ਿਕੇਟ ਯੂ.ਡੀ.ਆਈ.ਡੀ. ਕਾਰਡ ਵਾਸਤੇ ਅਪਲਾਈ	ਸਮਾਜਿਕ ਸੁਰੱਖਿਆ
9.	ਬਿਜਲੀ ਬਿੱਲ ਦਾ ਭੁਗਤਾਨ	ਬਿਜਲੀ	31.	ਦਸਤਾਵੇਜ਼ਾਂ ਨੂੰ ਪ੍ਰਤੀ-ਹਸਤਾਖ਼ਰ ਕਰਨਾ	ਮਾਲ
10.	ਜਨਮ ਸਰਟੀਫ਼ਿਕੇਟ ਵਿੱਚ ਨਾਂਅ ਦਰਜ ਕਰਨਾ	ਸਿਹਤ	32.	ਵਿਆਹ ਦੀ ਰਜਿਸਟ੍ਰੇਸ਼ਨ (ਅਨੰਦ)	ਗ੍ਰਹਿ
11.	ਮਾਲ ਰਿਕਾਰਡ ਦਾ ਨਿਰੀਖਣ	ਮਾਲ	33.	ਸ਼ਗਨ ਸਕੀਮ (ਕੇਸ ਦੀ ਮਨਜ਼ੂਰੀ ਲਈ)	ਸਮਾਜਿਕ ਨਿਆਂ
12.	ਵਿਆਹ ਦੀ ਰਜਿਸਟ੍ਰੇਸ਼ਨ (ਲਾਜ਼ਮੀ)	ਗ੍ਰਹਿ	34.	ਮੁਆਵਜ਼ਾ ਬਾਂਡ (ਇਨਡੈਮਨਿਟੀ ਬਾਂਡ)	ਮਾਲ
13.	ਮੌਤ ਦੇ ਸਰਟੀਫ਼ਿਕੇਟ ਦੀਆਂ ਕਾਪੀਆਂ ਕਢਵਾਉਣਾ	ਸਿਹਤ	35.	ਆਸ਼ਰਿਤ ਬੱਚਿਆਂ ਲਈ ਪੈਨਸ਼ਨ	ਸਮਾਜਿਕ ਸੁਰੱਖਿਆ
14.	ਰੀਨਿਊਵਲ ਆਫ਼ ਕੰਸਟਰੱਕਸ਼ਨ ਵਰਕਰ ਰਜਿਸਟਰੇਸ਼ਨ	ਕਿਰਤ	36.	ਸਰਹੱਦੀ ਖੇਤਰ ਸਰਟੀਫ਼ਿਕੇਟ (ਬਾਰਡਰ ਏਰੀਆ ਸਰਟੀਫ਼ਿਕੇਟ)	ਮਾਲ
15.	ਅਸਲਾ ਲਾਇਸੰਸ ਨਵਿਆਉਣਾ	ਗ੍ਰਹਿ	37.	ਪੱਛੜੇ ਖੇਤਰ ਦਾ ਸਰਟੀਫ਼ਿਕੇਟ (ਬੈਕਵਰਡ ਏਰੀਆ ਸਰਟੀਫ਼ਿਕੇਟ)	ਮਾਲ
16.	ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ	ਮਾਲ	38.	ਜ਼ਮੀਨ ਦੀ ਹੱਦਬੰਦੀ	ਮਾਲ
17.	ਜਨਮ ਸਰਟੀਫਿਕੇਟ ਵਿੱਚ ਐਂਟਰੀ ਦੀ ਸੋਧ	ਸਿਹਤ	39.	ਮੌਤ ਦੇ ਸਰਟੀਫ਼ਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ	ਸਿਹਤ
18.	ਮੌਤ ਦਾ ਸਰਟੀਫ਼ਿਕੇਟ	ਸਿਹਤ	40.	ਐਨ.ਆਰ.ਆਈਜ਼ ਦੇ ਦਸਤਾਵੇਜ਼ਾਂ ਨੂੰ ਪ੍ਰਤੀ-ਹਸਤਾਖ਼ਰ ਕਰਨਾ	ਮਾਲ
19.	ਪੇਂਡੂ ਖੇਤਰ ਸਰਟੀਫ਼ਿਕੇਟ	ਪੇਂਡੂ ਵਿਕਾਸ	41.	ਪੁਲਿਸ ਕਲੀਅਰੈਂਸ ਸਰਟੀਫਿਕੇਟ ਨੂੰ ਪ੍ਰਤੀ-ਹਸਤਾਖ਼ਰ ਕਰਨਾ	ਮਾਲ
20.	ਜਨਮ ਸਰਟੀਫ਼ਿਕੇਟ ਦੀਆਂ ਕਾਪੀਆਂ	ਸਿਹਤ	42.	ਮੌਤ ਦੇ ਸਰਟੀਫ਼ਿਕੇਟ ਵਿੱਚ ਕੀਤੀ ਗਈ ਐਂਟਰੀ 'ਚ ਸੋਧ	ਸਿਹਤ
21.	ਜਾਤੀ ਸਰਟੀਫ਼ਿਕੇਟ (ਜਨਰਲ)	ਸਮਾਜਿਕ ਨਿਆਂ	43.	ਕੰਢੀ ਖੇਤਰ ਸਰਟੀਫ਼ਿਕੇਟ	ਮਾਲ
22.	ਵਿਧਵਾਵਾਂ/ਬੇਸਹਾਰਾ ਨਾਗਰਿਕਾਂ ਲਈ ਪੈਨਸ਼ਨ	ਸਮਾਜਿਕ ਸੁਰੱਖਿਆ			

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

16-Dec-PAGE-4.qxd 12/15/2023 10:49 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 16 ਦਸੰਬਰ 2023

ਔਰਤ ਜੱਜ ਦੀ ਫਰਿਆਦ

ਔਰਤਾਂ ਵਿਰੁੱਧ ਅਪਰਾਧਾਂ ਦੇ ਮਸਲੇ ਵਿੱਚ ਸਾਡੇ ਦੇਸ਼ ਦੀ ਹਾਲਤ ਹਮੇਸ਼ਾ ਚਿੰਤਾਜਨਕ ਰਹੀ ਹੈ, ਪਰ ਕੰਮਕਾਜੀ ਔਰਤਾਂ ਦੇ ਮਾਮਲੇ ਵਿੱਚ ਇਹ ਹੋਰ ਵੀ ਮਾੜੀ ਹੈ। ਸਾਡੇ ਸਮਾਜ ਦੀ ਜਗੀਰੂ ਸੋਚ ਕਾਰਨ ਇਸ ਮਾਮਲੇ ਵਿੱਚ ਪੀੜਤ ਔਰਤਾਂ ਬੋਲਣ ਤੋਂ ਗੁਰੇਜ਼ ਕਰਦੀਆਂ ਹਨ। ਹੁਣ ਇੱਕ ਜੱਜ ਨੇ ਜਿਹੜੀ ਆਪਣੀ ਹੱਡਬੀਤੀ ਸਮਾਜ ਸਾਹਮਣੇ ਨਸ਼ਰ ਕੀਤੀ ਹੈ, ਉਹ ਰੌਂਗਟੇ ਖੜ੍ਹੇ ਕਰਨ ਵਾਲੀ ਹੈ।

ਯੂ ਪੀ ਦੀ ਇੱਕ ਔਰਤ ਜੱਜ ਨੇ ਜਿਨਸੀ ਦੁਰਵਿਹਾਰ ਤੋਂ ਦੁਖੀ ਹੋ ਕੇ ਇੱਛਾ ਮੌਤ ਦੀ ਮੰਗ ਕੀਤੀ ਹੈ। ਇਸ ਜੱਜ ਨੇ ਚੀਫ਼ ਜਸਟਿਸ ਆਫ਼ ਇੰਡੀਆ ਨੂੰ ਲਿਖੇ ਖਤ ਵਿੱਚ ਕਿਹਾ ਹੈ ਕਿ ਉਹ ਇੱਕ ਤੁਰਦੀ ਫਿਰਦੀ ਲਾਸ਼ ਹੈ। ਉਸ ਨੇ ਕਈ ਵਾਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸਫ਼ਲ ਰਹੀ।

ਔਰਤ ਜੱਜ ਨੇ ਦੇਸ਼ ਦੇ ਮੁੱਖ ਜੱਜ ਨੂੰ ਲਿਖੇ ਖੁੱਲ੍ਹੇ ਖਤ ਨੂੰ ਸੋਸ਼ਲ ਮੀਡੀਆ ਉੱਤੇ ਵੀ ਸਾਂਝਾ ਕੀਤਾ ਹੈ। ਉਸ ਨੇ ਛੇ ਮਹੀਨੇ ਪਹਿਲਾਂ ਹੋਈ ਆਪਣੀ ਪਿਛਲੀ ਪੋਸਟਿੰਗ ਦੌਰਾਨ ਆਪਣੇ ਸੀਨੀਅਰ ਜੱਜ ਵੱਲੋਂ ਹੁੰਦੇ ਰਹੇ ਜਿਨਸੀ ਅੱਤਿਆਚਾਰਾਂ ਦਾ ਖੁਲਾਸਾ ਕੀਤਾ ਹੈ। ਦੋ ਸਫ਼ਿਆਂ ਦੇ ਆਪਣੇ ਖਤ ਵਿੱਚ ਉਸ ਨੇ ਇੱਛਾ ਮੌਤ ਮੰਗੀ ਹੈ ਕਿਉਂਕਿ ਉਸ ਨੂੰ ਨਿਰਪੱਖ ਜਾਂਚ ਦੀ ਵੀ ਉਮੀਦ ਨਹੀਂ ਹੈ, ਨਿਆਂ ਮਿਲਣਾ ਤਾਂ ਦੂਰ ਦੀ ਗੱਲ ਹੈ।

ਉਸ ਨੇ ਲਿਖਿਆ ਹੈ ਕਿ ਉਸ ਨੂੰ ਆਪਣੇ ਸੀਨੀਅਰ ਜੱਜ ਨਾਲ ਰਾਤ ਗੁਜ਼ਾਰਨ ਲਈ ਕਿਹਾ ਗਿਆ। 'ਮੇਰਾ ਜਿਸਮਾਨੀ ਉਤਪੀੜਨ ਸਬਰ ਦੀ ਹੱਦ ਤੱਕ ਕੀਤਾ ਗਿਆ। ਮੇਰੇ ਨਾਲ ਕੂੜੇ ਵਰਗਾ ਵਿਹਾਰ ਕੀਤਾ ਗਿਆ। ਮੈਂ ਇੱਕ ਗੈਰਜ਼ਰੂਰੀ ਕੀੜੇ ਵਾਂਗ ਮਹਿਸੂਸ ਕਰਦੀ ਹਾਂ।'

ਉਸ ਨੇ ਅੱਗੇ ਲਿਖਿਆ, 'ਮੈਂ ਬਹੁਤ ਉਤਸ਼ਾਹ ਨਾਲ ਨਿਆਂਇਕ ਸੇਵਾ ਵਿੱਚ ਆਈ ਸੀ ਤਾਂ ਕਿ ਆਮ ਲੋਕਾਂ ਨੂੰ ਇਨਸਾਫ਼ ਦੇ ਸਕਾਂ। ਮੈਨੂੰ ਕੀ ਪਤਾ ਸੀ ਕਿ ਮੈਂ ਖੁਦ ਇਨਸਾਫ਼ ਲਈ ਜਿਸ ਦਰਵਾਜ਼ੇ ਅੱਗੇ ਜਾਵਾਂਗੀ, ਉਥੇ ਮੈਨੂੰ ਨਿਆਂ ਲਈ ਭਿਖਾਰੀ ਬਣਾ ਦਿੱਤਾ ਜਾਵੇਗਾ। ਮੇਰੀ ਨੌਕਰੀ ਦੇ ਥੋੜ੍ਹੇ ਸਮੇਂ ਵਿੱਚ ਹੀ ਮੈਨੂੰ ਖੁੱਲ੍ਹੇ ਦਰਬਾਰ ਵਿੱਚ ਦੁਰਵਿਹਾਰ ਸਹਿਣ ਦਾ ਦੁਰਲੱਭ ਸਨਮਾਨ ਦਿੱਤਾ ਗਿਆ।'

ਬੇਹੱਦ ਦੁਖੀ ਹੋ ਚੁੱਕੀ ਔਰਤ ਜੱਜ ਨੇ ਭਾਰਤ ਵਿਚਲੀਆਂ ਸਭ ਕੰਮਕਾਜੀ ਔਰਤਾਂ ਨੂੰ ਸਿਸਟਮ ਵਿਰੁੱਧ ਲੜਨ ਦਾ ਯਤਨ ਨਾ ਕਰਨ ਲਈ ਕਿਹਾ ਹੈ। ਉਸ ਨੇ ਲਿਖਿਆ ਹੈ, 'ਜੇਕਰ ਕੋਈ ਔਰਤ ਇਹ ਸੋਚਦੀ ਹੈ ਕਿ ਉਹ ਸਿਸਟਮ ਵਿਰੁੱਧ ਲੜੇਗੀ ਤਾਂ ਉਹ ਇਹ ਸੋਚਣਾ ਬੰਦ ਕਰ ਦੇਵੇ। ਮੈਂ ਖੁਦ ਜੱਜ ਹਾਂ, ਪਰ ਇਹ ਨਹੀਂ ਕਰ ਸਕੀ। ਮੈਂ ਆਪਣੇ ਲਈ ਨਿਰਪੱਖ ਜਾਂਚ ਨਹੀਂ ਕਰਾ ਸਕੀ। ਨਿਆਂ ਤਾਂ ਬਹੁਤ ਦੂਰ ਦੀ ਗੱਲ ਹੈ। ਮੈਂ ਸਭ ਔਰਤਾਂ ਨੂੰ ਸਲਾਹ ਦਿੰਦੀ ਹਾਂ ਕਿ ਉਹ ਖਿਡੌਣੇ ਜਾਂ ਨਿਰਜਿੰਦ ਵਸਤੂ ਬਣਨਾ ਸਿੱਖ ਲੈਣ। ਮੇਰੀ ਹੁਣ ਜੀਣ ਦੀ ਕੋਈ ਇੱਛਾ ਨਹੀਂ ਰਹੀ। ਪਿਛਲੇ ਡੇਢ ਸਾਲ ਤੋਂ ਮੈਨੂੰ ਤੁਰਦੀ-ਫਿਰਦੀ ਲਾਸ਼ ਬਣਾ ਦਿੱਤਾ ਗਿਆ ਹੈ। ਇਸ ਨਿਰਜੀਵ ਤੇ ਪ੍ਰਾਣਰਹਿਤ ਸਰੀਰ ਨੂੰ ਏਧਰ-ਉਧਰ ਚੁੱਕੀ ਫਿਰਨ ਦਾ ਹੁਣ ਕੋਈ ਮਤਲਬ ਨਹੀਂ ਹੈ। ਮੇਰੀ ਜ਼ਿੰਦਗੀ ਦਾ ਹੁਣ ਕੋਈ ਮਕਸਦ ਨਹੀਂ ਬਚਿਆ। ਕ੍ਰਿਪਾ ਕਰਕੇ ਮੈਨੂੰ ਆਪਣਾ ਜੀਵਨ ਸਨਮਾਨ ਪੂਰਵਕ ਖ਼ਤਮ ਕਰਨ ਦੀ ਇਜਾਜ਼ਤ ਦਿੱਤੀ ਜਾਵੇ।'

ਇਹ ਖਤ ਸਾਹਮਣੇ ਆਉਣ ਉੱਤੇ ਚੀਫ਼ ਜਸਟਿਸ ਨੇ ਇਲਾਹਾਬਾਦ ਹਾਈਕੋਰਟ ਨੂੰ ਜੱਜ ਦੀਆਂ ਸਾਰੀਆਂ ਸ਼ਿਕਾਇਤਾਂ ਤੁਰੰਤ ਅਦਾਲਤ ਵਿੱਚ ਪੇਸ਼ ਕਰਨ ਲਈ ਕਿਹਾ ਹੈ। ਇਸ ਬਾਰੇ ਅਦਾਲਤ ਕੀ ਫ਼ੈਸਲਾ ਲੈਂਦੀ ਹੈ, ਇਹ ਬਾਅਦ 'ਚ ਪਤਾ ਲੱਗੇਗਾ, ਪਰ ਔਰਤ ਜੱਜ ਦੇ ਇਸ ਖਤ ਨੇ ਭਾਰਤ ਵਿੱਚ ਕੰਮਕਾਜੀ ਔਰਤਾਂ ਨਾਲ ਹੁੰਦੇ ਵਿਹਾਰ ਦੀ ਸੱਚਾਈ ਸਮਾਜ ਸਾਹਮਣੇ ਰੱਖ ਦਿੱਤੀ ਹੈ।

ਗਲਤੀਆਂ ਕਿ ਬੱਜਰ ਗੁਨਾਹ

ਕਰਦਾ 'ਨਾਟਕ' ਨਵੇਂ ਅੱਖੀਂ ਘੱਟਾ ਪਾਉਣ ਵਾਲੇ,
ਲੋਕ-ਮਨਾਂ ਵਿੱਚੋਂ ਦੇਖੋ ਦਿਨ ਦਿਨ ਲਹੀ ਜਾਂਦਾ।
ਢੀਠਾਂ ਤੇ ਮੱਕਾਰਾਂ ਵਾਂਗ ਕਰੇ ਨਿੱਤ ਬਿਆਨਬਾਜ਼ੀ,
'ਕਿਲਾ' ਹੰਕਾਰ ਵਾਲਾ ਭਾਵੇਂ ਸਾਹਵੇਂ ਢਹੀ ਜਾਂਦਾ।
'ਕੱਖੋਂ ਹੌਲਾ' ਕਰ ਜਿਵੇਂ ਬਾਪ ਤਾਈਂ 'ਤੋਰਿਆ' ਸੀ,
ਓਦਾਂ ਹੁਣ ਪਾਰਟੀ ਦੀ ਫੇਰੀ 'ਯਹੀ-ਤਹੀ' ਜਾਂਦਾ।
ਆਉਂਦੀਆਂ ਅਵਾਜਾਂ ਅਸਤੀਫ਼ੇ ਦੀਆਂ ਸੁਣਦਾ ਨਾ,
ਸ਼੍ਰੋਮਣੀ ਕਮੇਟੀ ਦਿਆਂ 'ਮੋਢਿਆਂ' 'ਤੇ ਬਹੀ ਜਾਂਦਾ।
ਮੰਨਦਾ ਵਿਰੋਧੀ ਦਿਲੋਂ 'ਦਲ' ਦੇ ਹਮਾਇਤੀਆਂ ਨੂੰ,
'ਜੀ-ਹਜੂਰੀਆਂ' ਦੀ ਦਿੱਤੀ ਚੁੱਕ ਮੰਨੀ ਸਹੀ ਜਾਂਦਾ।
'ਰਾਜ-ਭਾਗ' ਵੇਲੇ ਕੀਤੇ 'ਬੱਜਰ ਗੁਨਾਹਾਂ' ਤਾਈਂ,
'ਜਾਣੇ ਅਣਜਾਣੇ' ਹੋਈ 'ਗਲਤੀ' ਹੀ ਕਹੀ ਜਾਂਦਾ!

-ਤਰਲੋਚਨ ਸਿੰਘ 'ਦੁਪਾਲਪੁਰ', 78146-92724

ਸ਼ਰਧਾਂਜਲੀ ਸਮਾਰੋਹ 'ਤੇ ਵਿਸ਼ੇਸ਼

ਨਾਮਦੇਵ ਭੁਟਾਲ ਨੂੰ ਯਾਦ ਕਰਦਿਆਂ

ਸਨੀ ਸੇਖੂਵਾਸ

ਨਾਮਦੇਵ ਭੁਟਾਲ ਮਾਰਕਸਵਾਦੀ ਫਲਸਫੇ ਦਾ ਚਿੰਤਕ ਸੀ। ਲੈਨਿਨ ਤੇ ਮਾਓ ਜੇ ਤੁੰਗ ਦਾ ਪੈਰੋਕਾਰ। ਉਹ ਸਮਾਜ ਵਿਚ ਸ਼੍ਰੇਣੀ ਵੰਡ ਦੇ ਖਿਲਾਫ ਸੀ। ਉਹ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅੱਗੇ ਤੋਰਨ ਦਾ ਹਾਮੀ ਸੀ, ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਣ ਦਾ ਸੰਦੇਸ਼ ਦਿੱਤਾ ਗਿਆ ਸੀ। ਉਹ ਨਿਰੋਲ ਪੇਂਡੂ ਪਿਛੋਕੜ ਵਾਲਾ ਇਨਸਾਨ ਸੀ। ਤਾਹੀਓਂ ਤਾਂ ਉਹ ਖੇਤ ਖਲਿਆਨਾਂ ਦਾ ਪਹਿਰੇਦਾਰ ਵੀ ਸੀ। ਭਾਰਤੀ ਕਿਸਾਨ ਯੂਨੀਅਨ ਦੇ ਅੰਦੋਲਨਾਂ ਵਿੱਚ ਉਸ ਦੀ ਵਿਸ਼ੇਸ਼ ਸ਼ਮੂਲੀਅਤ ਹੁੰਦੀ ਸੀ। ਦਿੱਲੀ ਵਿਖੇ ਚੱਲੇ ਕਿਸਾਨ ਅੰਦੋਲਨ ਵਿਚ ਵੀ ਨਾਮਦੇਵ ਭੁਟਾਲ ਆਪਣੇ ਸਾਥੀਆਂ ਜਗਜੀਤ ਭੁਟਾਲ, ਰਘਬੀਰ ਭੁਟਾਲ, ਡਾ. ਜਗਦੀਸ਼ ਪਾਪੜਾ, ਤਰਸੇਮ ਭੋਲੂ, ਪੂਰਨ ਖਾਈ, ਰਾਮਚੰਦਰ ਖਾਈ, ਡਾ. ਸੁਖਵਿੰਦਰ ਲਾਲੀ, ਸਮਿੰਦਰ ਰਾਮਗੜ੍ਹ ਸੰਧੂਆਂ ਨਾਲ ਅਲੀਸ਼ੇਰਾਂ ਦੇ ਯੋਧੇ ਲਛਮਣ ਅਲੀਸ਼ੇਰ ਕੋਲ ਕਈ-ਕਈ ਰਾਤਾਂ ਉੱਥੇ ਰੁਕ ਕੇ ਆਇਆ ਸੀ।

ਨਾਮਦੇਵ ਭੁਟਾਲ ਦਾ ਜਨਮ ਜ਼ਿਲ੍ਹਾ ਸੰਗਰੂਰ ਤਹਿਸੀਲ ਲਹਿਰਾ ਦੇ ਪਿੰਡ ਭੁਟਾਲ ਕਲਾਂ ਵਿਖੇ 13-01-1953 ਨੂੰ ਮਾਤਾ ਧੰਨ ਕੌਰ ਤੇ ਪਿਤਾ ਸਾਧੂ ਸਿੰਘ ਦੇ ਘਰ ਹੋਇਆ। ਨਾਮਦੇਵ ਚਾਰ ਭਰਾਵਾਂ ਤੇ ਦੋ ਭੈਣਾਂ ਵਿੱਚੋਂ ਸਭ ਤੋਂ ਛੋਟਾ ਸੀ। ਉਸ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਜਮਾਤ ਦੀ ਪ੍ਰੀਖਿਆ ਉਸ ਨੇ ਸਾਲ 1970 ਵਿਚ ਸਰਕਾਰੀ ਹਾਈ ਸਕੂਲ ਲਹਿਰਾਗਾਗਾ ਤੋਂ ਪਾਸ ਕੀਤੀ। ਉਸ ਨੇ ਆਪਣੀ ਗ੍ਰੈਜੂਏਸ਼ਨ ਦੀ ਡਿਗਰੀ ਸਾਲ 1974 ਵਿਚ ਸਰਕਾਰੀ ਰਣਬੀਰ ਕਾਲਜ ਸੰਗਰੂਰ ਤੋਂ ਪ੍ਰਾਪਤ ਕੀਤੀ। ਐਮ ਏ ਇਕਨੋਮਿਕਸ ਦੀ ਡਿਗਰੀ ਡੇਹਰਾਦੂਨ ਗੜਵਾਲ ਯੂਨੀਵਰਸਿਟੀ ਤੋਂ ਸਾਲ 1975-76 ਵਿਚ ਪਾਸ ਕੀਤੀ।



ਕਾਲਜ ਦੀ ਪੜ੍ਹਾਈ ਸਮੇਂ ਤੋਂ ਹੀ ਨਾਮਦੇਵ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਜੁੜ ਕੇ ਵਿਦਿਆਰਥੀ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਿਆ ਸੀ। ਲੋਕ ਪੱਖੀ ਅਤੇ ਇਨਕਲਾਬੀ ਵਿਚਾਰਾਂ ਦੀ ਪਾਣ ਉਸ ਨੂੰ ਕਾਲਜ ਵੇਲੇ ਤੋਂ ਹੀ ਚੜ੍ਹ ਗਈ ਸੀ ਜਦੋਂ ਕਿਸਾਨ ਬਗਾਵਤ ਨੇ ਸਾਰੇ ਮੁਲਕ ਨੂੰ ਆਪਣੇ ਘੇਰੇ ਵਿੱਚ ਲੈ ਲਿਆ ਸੀ। ਐੱਮ ਏ ਦੀ ਪੜ੍ਹਾਈ ਕਰਨ ਤੋਂ ਬਾਅਦ ਪ੍ਰਪੱਕ ਵਿਚਾਰਾਂ ਦੀ ਰੌਸ਼ਨੀ ਵਿੱਚ ਪਿੰਡ ਅਤੇ ਇਲਾਕੇ ਵਿੱਚ ਨੌਜਵਾਨ ਭਾਰਤ ਸਭਾ ਦੀ ਉਸਾਰੀ ਸ਼ੁਰੂ ਕਰ ਦਿੱਤੀ। ਸਭਾ ਦੀ ਉਸਾਰੀ ਪਿੰਡ ਭੁਟਾਲ ਕਲਾਂ ਵਿਖੇ 10-12-1977 ਨੂੰ 40 ਮੈਂਬਰਾਂ ਦੀ ਮੀਟਿੰਗ ਤੋਂ ਸ਼ੁਰੂ ਕਰਕੇ ਸਮੁੱਚੇ ਲਹਿਰਾਗਾਗਾ ਸੁਨਾਮ ਇਲਾਕੇ ਦੀ ਲਾਮਬੰਦੀ ਕੀਤੀ ਗਈ। ਪੰਜਾਬ ਸਟੂਡੈਂਟਸ ਯੂਨੀਅਨ ਦੀ ਵਿਦਿਆਰਥੀ ਜਥੇਬੰਦੀ ਨੂੰ ਲਾਮਬੰਦ ਕਰਨ ਲਈ ਤਿੰਨ ਮੈਂਬਰੀ ਟੀਮ (ਜਗਜੀਤ ਭੁਟਾਲ ਨਾਮਦੇਵ ਭੁਟਾਲ ਅਤੇ ਮੇਜਰ ਮੱਟਰਾਂ) ਦੀ ਡਿਊਟੀ ਲਗਾਈ ਗਈ। ਸੰਗਰਾਮੀ ਘੋਲਾਂ ਦੌਰਾਨ ਇਲਾਕੇ ਦਾ ਨਾਂਅ ਸਮੁੱਚੇ ਪੰਜਾਬ ਦੀਆਂ ਫਿਜ਼ਾਵਾਂ ਵਿੱਚ ਗੂੰਜਣ ਲੱਗਿਆ। ਮਿਸਾਲੀ ਘੋਲਾਂ (ਪ੍ਰਿਥੀਪਾਲ ਰੰਧਾਵਾ ਘੋਲ 1979, ਬਸ ਕਿਰਾਇਆ ਘੋਲ 1980) ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਇਹਨਾਂ ਘੋਲਾਂ ਵਿਚ ਲੋਕਾਂ ਦੀ ਸ਼ਮੂਲੀਅਤ ਕਰਵਾਈ ਗਈ। ਨਾਮਦੇਵ ਭੁਟਾਲ ਅਤੇ ਸਾਥੀਆਂ ਦੀ ਬਦੌਲਤ ਇਹ ਇਲਾਕਾ ਪੰਜਾਬ 'ਚੋਂ ਪਹਿਲੇ ਨੰਬਰ 'ਤੇ ਆਇਆ। ਕਿਰਾਇਆ ਘੋਲ ਵੇਲੇ ਛਾਜਲੀ ਗੋਲੀ ਕਾਂਡ ਪ੍ਰਮੁੱਖ ਰਿਹਾ। ਨਾਮਦੇਵ ਭੁਟਾਲ ਜਗਜੀਤ ਭੁਟਾਲ ਸਮੇਤ ਨੌਂ ਬੰਦਿਆਂ 'ਤੇ ਝੂਠੇ ਪੁਲਸ ਮੁਕੱਦਮੇ ਦਰਜ ਕੀਤੇ ਗਏ ਅਤੇ ਤਿੰਨ ਸਾਲ ਚੱਲੇ ਇਹਨਾਂ ਝੂਠੇ ਪੁਲਿਸ ਮੁੱਕਦਮਿਆਂ ਵਿਚੋਂ ਬਾਇੱਜ਼ਤ ਬਰੀ ਹੋਏ।

ਨਾਮਦੇਵ ਭੁਟਾਲ ਪ੍ਰਾਇਮਰੀ ਪੱਧਰ ਤੋਂ ਲੈ ਕੇ ਕਾਲਜ ਪੱਧਰ ਤੱਕ ਕਬੱਡੀ ਦਾ ਵਧੀਆ ਖਿਡਾਰੀ ਰਿਹਾ। ਉਹਨਾਂ ਦਾ ਵਿਆਹ ਪਿੰਡ ਪੂਹਲੇ ਦੀ ਧੀ ਜਸਵੰਤ ਕੌਰ ਨਾਲ 16 ਜੂਨ 1985 ਨੂੰ ਬਿਨਾਂ ਦਾਜ-ਦਹੇਜ ਦੇ ਹੋਇਆ। ਉਹਨਾਂ ਨੇ ਸਹਿਕਾਰੀ ਮਹਿਕਮੇ ਵਿਚ 32 ਸਾਲ ਨੌਕਰੀ ਕੀਤੀ। ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਉਂਦਿਆਂ 31-01-2013 ਨੂੰ ਪਿੰਡ ਡੂਡੀਆਂ ਦੀ ਸੋਸਾਇਟੀ ਵੱਲੋਂ ਵਿਦਾਇਗੀ ਲਈ। ਸਹਿਕਾਰੀ ਲਹਿਰ ਵਿਚਲੇ ਸੰਘਰਸ਼ਾਂ ਦੌਰਾਨ ਵੀ ਉਹਨਾਂ ਦਾ ਵੱਡਮੁੱਲਾ ਯੋਗਦਾਨ ਰਿਹਾ। ਨਾਮਦੇਵ ਭੁਟਾਲ ਇੱਕ ਦਹਾਕੇ ਤੋਂ ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਦੇ ਪ੍ਰਧਾਨ ਵਜੋਂ ਅਤੇ ਲੋਕ ਚੇਤਨਾ ਮੰਚ ਲਹਿਰਾਗਾਗਾ ਦੇ ਪ੍ਰਮੁੱਖ ਅਹੁਦੇਦਾਰ ਵਜੋਂ ਕੰਮ ਕਰ ਰਹੇ ਸਨ। ਨਾਮਦੇਵ ਭੁਟਾਲ ਵਿਗਿਆਨਕ ਸੋਚ ਨਾਲ ਜੁੜੇ ਹੋਏ ਇਨਸਾਨ ਸਨ। ਉਹਨਾਂ ਨੇ ਜਿਉਂਦੇ ਜੀਅ ਆਪਣਾ ਜੀਵਨ ਲੋਕਾਂ ਲੇਖੇ ਲਾਇਆ ਤੇ ਮਰਨ ਉਪਰੰਤ ਖੋਜਾਂ ਲੇਖੇ।

ਨਾਮਦੇਵ ਭੁਟਾਲ ਨਮਿਤ ਸ਼ਰਧਾਂਜਲੀ ਸਮਾਰੋਹ 17 ਦਸੰਬਰ 2023 ਨੂੰ ਜੀ ਪੀ ਐੱਫ ਧਰਮਸ਼ਾਲਾ ਲਹਿਰਾਗਾਗਾ ਵਿਖੇ ਰੱਖਿਆ ਗਿਆ ਹੈ।

#ਸੰਪਰਕ : 98967-23031

ਜੰਗਬੰਦੀ ਦੀ ਵਕਾਲਤ ਕਰਨ ਵਾਲੇ ਸਿਆਸਤਦਾਨਾਂ ਨੂੰ ਰੁਖ ਬਦਲਣ ਦੀ ਲੋੜ

ਬੇਰਹਿਮੀ ਨਾਲ ਲਈਆਂ ਜਾ ਰਹੀਆਂ ਮਾਸੂਮਾਂ ਦੀਆਂ ਜਾਨਾਂ ਦਾ ਦਿਲ ਦਹਿਲਾਅ ਦੇਣ ਵਾਲਾ ਦੁਖਾਂਤ। ਛੇੜਛਾੜ, ਸਿਰ ਕਲਮ ਕਰਨਾ, ਬਲਾਤਕਾਰ ਅਤੇ ਜ਼ਿੰਦਾ ਸਾੜਨ ਦੀਆਂ ਭਿਆਨਕ ਕਾਰਵਾਈਆਂ ਸਮਾਜ ਨੂੰ ਝੰਜੋੜਦੀਆਂ ਅਤੇ ਪਰੇਸ਼ਾਨ ਕਰਦੀਆਂ ਰਹਿੰਦੀਆਂ ਹਨ ।ਹਿੰਸਾ ਦੀਆਂ ਇਹ ਘਿਨਾਉਣੀਆਂ ਕਾਰਵਾਈਆਂ ਮਨੁੱਖੀ ਬੇਰਹਿਮੀ ਦੀ ਡੂੰਘਾਈ ਅਤੇ ਵਿਸ਼ਵ-ਵਿਆਪੀ ਲੋੜ ਦੀ ਇੱਕ ਤਿੱਖੀ ਯਾਦ ਦਿਵਾਉਂਦੀਆਂ ਰਹਿੰਦੀਆ ਹਨ, ਜੋ ਨਿੰਦਣਯੋਗ ਹਨ ।ਜੇਕਰ ਕੋਈ ਸਿੱਖ ਇਹਨਾਂ ਕਾਰਵਾਈਆਂ ਨੂੰ, ਇਸ ਅੱਤਿਆਚਾਰ, ਜ਼ੁਲਮ ਨੂੰ ਦੇਖੇ ਤੇ ਸ਼ਾਇਦ ਉਸ ਨੂੰ '84 ਦੀ ਯਾਦ ਆ ਜਾਵੇ ਤੇ ਦਿਲ ਵਲੂੰਧਰਿਆ ਜਾਵੇ।

ਇਹ ਘਿਨਾਉਣੀਆਂ ਕਾਰਵਾਈਆਂ ਨਾ ਸਿਰਫ਼ ਵਿਅਕਤੀਆਂ ਦੇ ਬੁਨਿਆਦੀ ਅਧਿਕਾਰਾਂ ਅਤੇ ਮਾਣ-ਸਨਮਾਨ ਦੀ ਉਲੰਘਣਾ ਹੀ ਕਰਦੀਆਂ, ਸਗੋਂ ਪੀੜਤਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਅਥਾਹ ਪੀੜਾ ਅਤੇ ਦੁੱਖ ਵੀ ਪਹੁੰਚਾਉਂਦੀਆਂ ਹਨ। ਜੋ ਵਿਸੀਗੋਥਸ ਘਟਨਾ ਰੋਮ ਨੂੰ ਬਰਖ਼ਾਸਤ ਕਰਨ ਤੋਂ ਇਲਾਵਾ ਹੋਰ ਕੋਈ ਨਹੀਂ ਹੈ।

7ਵੀਂ ਸਦੀ ਵਿੱਚ ਵਾਪਰੀ ਦੁਖਦਾਈ ਘਟਨਾ, ਜਿਸ ਨੂੰ ਮਦੀਨਾ ਦੇ ਬਾਹਰ ਖੈਬਰ ਵਿਖੇ ਯਹੂਦੀਆਂ ਦੇ ਕਤਲੇਆਮ ਵਜੋਂ ਜਾਣਿਆ ਜਾਂਦਾ ਹੈ, ਇਤਿਹਾਸ ਦਾ ਇੱਕ ਕਾਲਾ ਅਧਿਆਏ ਬਣਿਆ ਹੋਇਆ ਹੈ ।ਨੌਰਮਨ ਫਤਹਿ: ਇਤਿਹਾਸ ਵਿੱਚ ਇੱਕ ਮਹੱਤਵਪੂਰਨ ਪਲ ਦ ਕਰੂਸੇਡਜ਼ : ਇਤਿਹਾਸ ਵਿੱਚ ਇੱਕ ਵਿਵਾਦਪੂਰਨ ਅਧਿਆਏ ਉਨ੍ਹੀਵੀਂ ਸਦੀ ਦੌਰਾਨ ਕੋਸਾਕਸ ਦੁਆਰਾ ਕੀਤੇ ਗਏ ਬੇਰਹਿਮੀ ਨਾਲ ਕਤਲੇਆਮ ਮਨੁੱਖੀ ਇਤਿਹਾਸ ਉੱਤੇ ਇੱਕ ਕਾਲਾ ਧੱਬਾ ਸੀ ।ਇਹ ਹਿੰਸਕ ਅਤੇ ਸੰਗਠਿਤ ਹਮਲਿਆਂ ਨੇ ਯਹੂਦੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਇਆ, ਜਿਸ ਦੇ ਨਤੀਜੇ ਵਜੋਂ ਵਿਆਪਕ ਤਬਾਹੀ, ਜਾਨਾਂ ਦਾ ਨੁਕਸਾਨ ਅਤੇ ਜਿਸ ਦਾ ਸਭ ਨੂੰ ਦੁੱਖ ਹੋਇਆ। ਇਹ ਸਪੱਸ਼ਟ ਕਰਨਾ ਮਹੱਤਵਪੂਰਨ ਹੈ ਕਿ ਉਪਰੋਕਤ ਘਟਨਾਵਾਂ ਵਿੱਚੋਂ ਕੋਈ ਵੀ ਜ਼ਿਕਰ ਕੀਤੀਆਂ ਗਈਆਂ ਇਤਿਹਾਸਕ ਘਟਨਾਵਾਂ ਨਾਲ ਸਿੱਧੇ ਤੌਰ 'ਤੇ ਸਬੰਧ ਨਹੀਂ ਰੱਖਦੀਆਂ । ਹਾਲਾਂਕਿ ਇਹ ਸੱਚ ਹੈ ਕਿ ਕੁਝ ਘਿਣਾਉਣੀਆਂ ਕਾਰਵਾਈਆਂ ਅਸਲ ਵਿੱਚ ਉਹਨਾਂ ਸਮਿਆਂ ਦੌਰਾਨ ਵਾਪਰੀਆਂ ਸਨ।

7 ਅਕਤੂਬਰ, 2023 ਨੂੰ ਇਜ਼ਰਾਈਲੀ ਨਾਗਰਿਕਾਂ ਨੇ ਧਾਰਮਿਕ ਮਾਨਤਾ ਜਾਂ ਇਸ ਦੀ ਘਾਟ ਦੀ ਪਰਵਾਹ ਕੀਤੇ ਬਿਨਾਂ ਇੱਕ ਅੱਤਵਾਦੀ ਸੰਗਠਨ ਹਮਾਸ ਦੁਆਰਾ ਕੀਤੀਆਂ ਗਈਆਂ ਦੁਖਦਾਈ ਘਟਨਾਵਾਂ ਦੀ ਇੱਕ ਲੜੀ ਦਾ ਅਨੁਭਵ ਕੀਤਾ ਜੋ ਵਿਸ਼ਵ ਸੱਭਿਅਤਾ ਲਈ ਖ਼ਤਰਾ ਹੈ । ਹਮਾਸ, ਜਿਸ ਨੂੰ ਕੈਨੇਡੀਅਨ ਸਰਕਾਰ ਦੁਆਰਾ ਇੱਕ ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕੀਤਾ ਗਿਆ ਹੈ, ਨੂੰ ਨਾ ਸਿਰਫ਼ ਇਜ਼ਰਾਈਲ ਦੇ ਗੁਆਂਢੀ ਅਰਬ ਦੇਸ਼ਾਂ ਦੁਆਰਾ, ਸਗੋਂ ਗਾਜ਼ਾ ਵਿੱਚ ਫਲਸਤੀਨੀ ਆਬਾਦੀ ਦੁਆਰਾ ਵੀ ਇੱਕ ਵਿਰੋਧੀ ਮੰਨਿਆ ਜਾਂਦਾ ਹੈ ।ਗਾਜ਼ਾ ਦੇ ਲੋਕ, ਜੋ ਦਮਨਕਾਰੀ ਹਾਲਾਤ ਨੂੰ ਸਹਿਣ ਕਰਦੇ ਹਨ, ਨੇ ਬਹੁਤ ਮੁਸ਼ਕਿਲਾਂ ਦਾ ਅਨੁਭਵ ਕੀਤਾ ਹੈ ਅਤੇ ਹਮਾਸ ਦੁਆਰਾ ਗੁੰਮਰਾਹਕੁੰਨ ਜਾਣਕਾਰੀ ਦੇ ਪ੍ਰਸਾਰ ਦਾ ਸ਼ਿਕਾਰ ਹੋਏ ਹਨ।

ਬਹੁਤ ਸਾਰੀਆਂ ਸੰਸਥਾਵਾਂ ਇਸ ਲੜਾਈ ਨੂੰ ਖ

16-DEC-PAGE-5.qxd 12/15/2023 10:32 PM Page 1

ਮਜ਼ਦੂਰ ਔਰਤਾਂ ਨੂੰ ਜੂਸ ਪਿਆ ਕੇ ਹੜਤਾਲ ਖਤਮ ਕਰਵਾਈ

ਬਰਨਾਲਾ : ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਅਤੇ ਮਜ਼ਦੂਰ ਅਧਿਕਾਰ ਅੰਦੋਲਨ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਬਰਨਾਲਾ ਦੇ ਦਫਤਰ ਵਿਖੇ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਡਿਪਟੀ ਕਮਿਸ਼ਨਰ ਦੇ ਦਫਤਰ ਵਿਖੇ ਧਰਨਾ ਦਿੱਤਾ ਗਿਆ। ਧਰਨੇ ਉਪਰੰਤ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਵੱਲੋਂ ਇੱਕ ਰੋਜ਼ਾ ਧਰਨੇ 'ਤੇ ਬੈਠੀਆਂ ਮਨਰੇਗਾ ਮਜ਼ਦੂਰ ਔਰਤਾਂ ਨੂੰ ਜੂਸ ਪਿਆ ਕੇ ਹੜਤਾਲ ਖਤਮ ਕਰਵਾਈ। ਧਰਨੇ ਦੀ ਸ਼ੁਰੂਆਤ ਅਜਮੇਰ ਸਿੰਘ ਅਕਲੀਆ ਦੇ ਇਨਕਲਾਬੀ ਗੀਤਾਂ ਨਾਲ ਕੀਤੀ ਗਈ। ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਸੂਬਾਈ ਆਗੂ ਕਾਮਰੇਡ ਖੁਸ਼ੀਆ ਸਿੰਘ ਅਤੇ ਮਜ਼ਦੂਰ ਅਧਿਕਾਰ ਅੰਦੋਲਨ ਪੰਜਾਬ ਦੇ ਸੂਬਾਈ ਆਗੂ ਕਾਮਰੇਡ ਲਾਭ ਸਿੰਘ ਅਕਲੀਆ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਚੋਣਾਂ ਸਮੇਂ ਮਜ਼ਦੂਰਾਂ ਨਾਲ ਜੋ ਵਾਅਦੇ ਕੀਤੇ ਸਨ, ਸਭ ਠੰਢੇ ਬਸਤੇ ਵਿੱਚ ਪਾ ਦਿੱਤੇ ਹਨ, ਸਰਕਾਰ ਮਜ਼ਦੂਰਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਉਲਟਾ ਮਜ਼ਦੂਰਾਂ ਵੱਲ ਪਿੱਠ ਕਰਕੇ ਖੜ੍ਹ ਗਈ ਹੈ। ਆਗੂਆਂ ਵੱਲੋਂ ਡੀ ਸੀ ਬਰਨਾਲਾ ਰਾਹੀਂ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਿਆ ਗਿਆ। ਆਗੂਆਂ ਨੇ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਪੂਰਾ ਸਾਲ ਕੰਮ, ਇੱਕ ਹਜ਼ਾਰ ਰੁਪਏ ਦਿਹਾੜੀ ਅਤੇ ਪਰਵਾਰ ਦੇ ਦੋ ਮੈਂਬਰਾਂ ਨੂੰ ਰੁਜ਼ਗਾਰ ਦੀ ਗਰੰਟੀ ਕੀਤੀ ਜਾਵੇ। ਕੰਮ ਦੀ ਮੰਗ ਕਰਨ ਵਾਲੇ ਮਨਰੇਗਾ ਮਜ਼ਦੂਰਾਂ ਨੂੰ ਹੀ ਕੰਮ ਦਿੱਤਾ ਜਾਵੇ, ਜਾਅਲੀ ਹਾਜ਼ਰੀਆਂ ਲਾਉਣੀਆਂ ਸਖਤੀ ਨਾਲ ਬੰਦ ਕੀਤੀਆਂ ਜਾਣ। ਆਗੂਆਂ ਨੇ ਇਹ ਵੀ ਕਿਹਾ ਕਿ ਲਗਾਤਾਰ ਵਧ ਰਹੀ ਬੇਰੁਜ਼ਗਾਰੀ ਕਾਰਨ ਅਤੇ ਨਰੇਗਾ ਦੇ 2005 ਦੇ ਐਕਟ ਅਨੁਸਾਰ ਮਜ਼ਦੂਰਾਂ ਦੀ ਦਿਹਾੜੀ ਘਟਾ ਕੇ 6 ਘੰਟੇ ਕੀਤੀ ਜਾਵੇ ਅਤੇ ਬਿਨਾਂ ਰੋਟੀ ਵਾਲੇ ਕੰਮ ਲਈ 431 ਰੁਪਏ ਦਿਹਾੜੀ ਦਿੱਤੀ ਜਾਵੇ। ਆਗੂਆਂ ਨੇ ਕਿਹਾ ਕਿ ਮਨਰੇਗਾ ਦੇ ਕੰਮ ਲਈ ਸਰਪੰਚਾਂ ਦੀ ਮੋਹਰ ਲਗਾਉਣੀ ਤੁਰੰਤ ਬੰਦ ਕੀਤੀ ਜਾਵੇ ਅਤੇ ਮਨਰੇਗਾ ਦੇ ਕੰਮ ਨੂੰ ਪਾਰਦਰਸ਼ੀ ਬਣਾਇਆ ਜਾਵੇ। ਅੱਜ ਮਜ਼ਦੂਰ ਜਥੇਬੰਦੀਆਂ ਵੱਲੋਂ ਪੰਜਾਬ ਦੇ ਮਨਿਸਟੀਰੀਅਲ ਸਟਾਫ ਦੀ ਹੜਤਾਲ ਦਾ ਵੀ ਸਮਰਥਨ ਕੀਤਾ ਗਿਆ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਗਰਾਜ ਰਾਮਾ ਅਤੇ ਮਜ਼ਦੂਰ ਅਧਿਕਾਰ ਅੰਦੋਲਨ ਪੰਜਾਬ ਦੇ ਸੂਬਾਈ ਆਗੂ ਕਾਮਰੇਡ ਨਛੱਤਰ ਸਿੰਘ ਰਾਮਨਗਰ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਮਨਰੇਗਾ ਕਾਨੂੰਨ ਨੂੰ ਖਤਮ ਕਰਨਾ ਚਾਹੁੰਦੀ ਹੈ। ਪਿਛਲੇ ਚਾਰ ਸਾਲਾਂ ਵਿੱਚ ਮਨਰੇਗਾ ਦੇ ਬਜਟ ਵਿੱਚ 58 ਹਜ਼ਾਰ ਕਰੋੜ ਰੁਪਏ ਦੀ ਕਟੌਤੀ ਕਰ ਦਿੱਤੀ ਗਈ ਹੈ। ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਗੁਰਮੇਲ ਸਿੰਘ ਪੱਖੋ ਕਲਾਂ, ਨਿੱਕੀ ਕੌਰ ਘੁੰਨਸ, ਸੁਖਵਿੰਦਰ ਸਿੰਘ ਜੱਸਾ ਭੈਣੀ, ਕੌਰ ਸਿੰਘ ਕਲਾਲਮਾਜਰਾ, ਸੁਖਦੇਵ ਸਿੰਘ ਅਤੇ ਕੁਲਦੀਪ ਕੌਰ ਸਹਿਣਾ ਆਦਿ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।

ਨਰੇਗਾ ਕਾਮਿਆਂ ਨੇ ਮੰਗਾਂ ਸੰਬੰਧੀ ਬੀ ਡੀ ਪੀ ਓ ਦਫ਼ਤਰ ਵਿਖੇ ਕੀਤੀ ਭੁੱਖ ਹੜਤਾਲ

ਨਾਭਾ (ਵਰਿੰਦਰ ਵਰਮਾ)

ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਦੇ ਸੂਬਾਈ ਸੱਦੇ 'ਤੇ 7 ਨਰੇਗਾ ਵਰਕਰ ਭੁੱਖ ਹੜਤਾਲ 'ਤੇ ਬੈਠੇ। ਭੁੱਖ ਹੜਤਾਲ 'ਤੇ ਬੈਠਣ ਤੋਂ ਪਹਿਲਾਂ ਸੰਬੋਧਨ ਕਰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸਮੀਰ ਸਿੰਘ ਗਦਾਈਆ ਨੇ ਕਿਹਾ ਇਸ ਕੜਕਦੀ ਠੰਡ ਵਿੱਚ ਪਹਿਲਾਂ ਹੀ ਤੰਗੀਆਂ-ਤੁਰਸ਼ੀਆਂ ਨਾਲ ਤੇ ਕੰਮ ਪ੍ਰਾਪਤੀ ਲਈ ਜੂਝ ਰਹੇ ਕਾਮਿਆਂ ਨੂੰ ਭੁੱਖ ਹੜਤਾਲ 'ਤੇ ਮਜਬੂਰਨ ਬੈਠਣਾ ਪੈ ਰਿਹਾ, ਕਿਉਂਕਿ ਯੂਨੀਅਨ ਦੀ ਅਗਵਾਈ 'ਚ ਪਹਿਲਾਂ ਅਨੇਕਾਂ ਵਾਰ ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਅੱਗੇ ਕੜਕਦੀ ਗਰਮੀ ਵਿੱਚ ਧਰਨੇ ਲਾ ਕੇ ਮੰਗ ਕਰ ਚੁੱਕੇ ਹਾਂ ਕਿ ਨਰੇਗਾ ਕਾਮਿਆਂ ਦੀ ਬਿਨਾਂ ਰੋਟੀ ਤੋਂ ਦਿਹਾੜੀ 431 ਲਾਗੂ ਕਰਨ ਲਈ ਕੇਂਦਰ ਸਰਕਾਰ ਨੂੰ ਸਿਫ਼ਾਰਸ਼ ਕੀਤੀ ਜਾਵੇ, ਕੰਮ ਦਿਹਾੜੀ ਜਦੋਂ ਨਰੇਗਾ 2005 ਬਣਿਆ 6 ਘੰਟੇ ਵਾਲੀ ਹੀ ਬਹਾਲ ਕੀਤੀ ਜਾਵੇ, ਕੰਮ ਦਿਨਾਂ ਦੀ ਗਿਣਤੀ ਸਾਲ ਭਰ 'ਚ 200 ਦਿਨ ਕਰ ਦਿੱਤੀ ਜਾਵੇ। ਨਰੇਗਾ ਨੂੰ ਸ਼ਹਿਰਾਂ ਵਿੱਚ ਵੀ ਲਾਗੂ ਕੀਤਾ ਜਾਵੇ, ਪਰ ਪੰਜਾਬ ਸਰਕਾਰ ਵੱਲੋਂ ਲਗਾਤਾਰ ਨਰੇਗਾ ਕਾਮਿਆਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਜੋ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਭੁੱਖ ਹੜਤਾਲ ਕੈਂਪ ਵਿੱਚ ਸ਼ਾਮਲ ਕਾਮਿਆਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਬਲਦੇਵ ਸਿੰਘ ਬਾਬਰਪੁਰ ਤੇ ਭੁੱਖ ਹੜਤਾਲ 'ਤੇ ਬੈਠਣ ਵਾਲੀ ਨਰੇਗਾ ਆਗੂ ਬਲਜੀਤ ਕੌਰ ਗਦਾਈਆ ਨੇ ਕਿਹਾ ਕਿ ਨਰੇਗਾ 2005 ਦੇ ਕਾਮੇ ਨੇ ਕੰਮ ਦੀ ਮੰਗ ਕਰਨੀ ਹੈ, ਪਰ ਬੀ ਡੀ ਪੀ ਓ ਦਫ਼ਤਰ ਦੇ ਅਧਿਕਾਰੀ ਕੰਮ ਮੰਗ ਕਰਨ ਵਾਲੇ ਕਾਮਿਆਂ ਨੂੰ ਪ੍ਰੇਸ਼ਾਨ ਕਰਦੇ ਹਨ।

ਬਿਜਲੀ ਕਰਮਚਾਰੀਆਂ ਨੇ ਪੰਜਾਬ ਸਰਕਾਰ ਦੀ ਅਰਥੀ ਫੂਕੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਸ਼ਹਿਰੀ ਅਤੇ ਸਬ ਅਰਬਨ ਦੇ ਬਿਜਲੀ ਮੁਲਾਜ਼ਮਾਂ ਨੇ ਸ਼ਹਿਰੀ ਮੰਡਲ ਫਿਰੋਜ਼ਪੁਰ ਦੇ ਸਾਹਮਣੇ ਗੇਟ ਰੈਲੀ ਕੀਤੀ। ਬਿਜਲੀ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਅਤੇ ਪੰਜਾਬ ਸਰਰਕਾਰ ਵਿਰੁੱਧ ਅਰਥੀ ਫੂਕ ਪ੍ਰਦਰਸ਼ਨ ਕੀਤਾ ਗਿਆ। ਇਸ ਗੇਟ ਰੈਲੀ ਦੀ ਪ੍ਰਧਾਨਗੀ ਰਾਜੇਸ਼ ਦੱਤਾ ਨੇ ਕੀਤੀ। ਇਸ ਗੇਟ ਰੈਲੀ ਵਿਚ ਸਰਕਲ ਪ੍ਰਧਾਨ ਅਸ਼ਵਨੀ ਕੁਮਾਰ, ਪੰਜਾਬ ਮੀਤ ਸਕੱਤਰ ਸਤੀਸ਼ ਕੁਮਾਰ, ਸ਼ਹਿਰੀ ਮੰਡਲ ਦੇ ਪ੍ਰਧਾਨ ਰਾਕੇਸ਼ ਸੈਣੀ, ਰਾਜੇਸ਼ ਦੱਤਾ, ਸੁਖਚੈਨ ਸਿੰਘ, ਰੋਸ਼ਨ ਲਾਲ, ਰਜਿੰਦਰ ਸਿੰਘ, ਸੁਖਦੇਵ ਸਿੰਘ, ਰਾਮ ਸੁੱਖ, ਦਿਲਬਾਗ ਸਿੰਘ, ਨੰਦ ਲਾਲ, ਲੱਖਾ ਸਿੰਘ, ਅਵਤਾਰ ਸਿੰਘ, ਮੁਖਤਿਆਰ ਸਿੰਘ, ਗੁਰਮੇਲ ਸਿੰਘ ਬਰਾੜ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਰਹਿੰਦੀਆਂ ਮੰਗਾਂ ਜਿਵੇਂ ਕਿ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਮੁਲਾਜਮਾਂ ਦੇ ਤਨਖਾਹ ਸਕੇਲਾਂ ਵਿੱਚ ਰਹਿੰਦੀਆਂ ਤਰੁੱਟੀਆਂ ਦੂਰ ਕਰਨ ਅਤੇ ਰਹਿੰਦੇ ਭੱਤਿਆਂ ਵਿੱਚ ਵਾਧਾ ਕਰਨ ਤੋਂ ਇਨਕਾਰੀ ਹੈ। ਸੋਧੇ ਸਕੇਲਾਂ ਦੇ ਬਕਾਏ, ਡੀ ਏ ਦੀਆਂ ਰਹਿਦੀਆਂ ਕਿਸ਼ਤਾਂ ਰਿਲੀਜ਼ ਕਰਨ ਸੀ.ਆਰ.ਏ. 295/19 ਤਹਿਤ ਭਰਤੀ ਸਹਾਇਕ ਲਾਈਨਮੈਨਾਂ ਨੂੰ ਤੰਗ ਪ੍ਰੇਸ਼ਾਨ ਕਰਨ, ਪਰਖ਼ ਕਾਲ ਸਮਾਂ ਪੂਰਾ ਹੋਣ ਦੇ ਬਾਵਜੂਦ ਰੈਗੂਲਰ ਕਰਕੇ ਪੂਰੀ ਤਨਖਾਹ ਰਿਲੀਜ਼ ਕਰਨ, ਓ.ਸੀ. ਤੇ ਹੋਰ ਬਰਾਬਰ ਦੀਆਂ ਕੈਟੇਗਰੀਆਂ ਨੂੰ ਪੇ ਬੈਂਡ ਦੇਣ, ਪੁਨਰਉਸਾਰੀ ਦੇ ਨਾਮ ਤੇ ਖਤਮ ਕੀਤੀਆਂ ਮਨਜੂਰ ਸ਼ੁਦਾ ਅਸਾਮੀਆਂ ਬਹਾਲ ਕਰਨ, ਮਿਤੀ 17-07-20 ਤੋਂ ਬਾਅਦ ਭਰਤੀ ਕਰਮਚਾਰੀਆਂ ਨੂੰ ਕੇਂਦਰ ਦੀ ਥਾਂ ਪੰਜਾਬ ਸਰਕਾਰ ਦੇ ਸਕੇਲ ਦੇਣ, ਮੁਲਾਜਮਾਂ ਦੀਆਂ ਤਰੱਕੀਆਂ, ਪੁਰਾਣੀ ਪੈਨਸ਼ਨ ਦੀ ਬਹਾਲੀ , ਕੰਟਰੈਕਟ ਐੱਸ ਐੱਸ ਏ /ਲਾਈਨਮੈਨਾਂ ਦਾ ਕੰਟਰੈਕਟ ਸਮਾਂ ਰੈਗੂਲਰ ਸੇਵਾ ਵਿੱਚ ਗਿਣਨ, ਗਰਿੱਡ ਸਬ ਸਟੇਸ਼ਨਾਂ ਤੇ ਕੰਮ ਕਰਦੇ ਕਾਮਿਆਂ ਨੂੰ ਓਵਰ ਟਾਈਮ ਦੀ ਅਦਾਇਗੀ, ਠੇਕੇ ਤੇ ਭਰਤੀ ਕੈਸ਼ੀਅਰ, ਬੀ ਡੀ, ਮੀਟਰ ਰੀਡਰਾਂ ਨੂੰ ਪੱਕੇ ਕਰਨਾ ਆਦਿ ਮਸਲੇ ਪਿਛਲੇ ਲੰਬੇ ਸਮੇਂ ਤੋਂ ਲਮਕਾਅ ਅਵਸਥਾ ਵਿੱਚ ਹਨ, ਜਿਸ ਕਰਕੇ ਬਿਜਲੀ ਮੁਲਾਜਮਾਂ ਵਿੱਚ ਭਾਰੀ ਰੋਸ ਹੈ। ਜੇਕਰ ਜੁਆਇੰਟ ਫੋਰਮ ਨਾਲ ਬਣੀਆਂ ਸਹਿਮਤੀਆਂ ਨੂੰ ਬਿਜਲੀ ਨਿਗਮ ਦੀ ਮੈਨੇਜਮੈਂਟ ਵਲੋਂ ਤੁਰੰਤ ਲਾਗੂ ਨਾ ਕੀਤਾ ਗਿਆ ਤਾਂ ਜਲਦੀ ਹੀ ਹੋਰ ਵੀ ਤਿੱਖਾ ਸੰਘਰਸ਼ ਪ੍ਰੋਗਰਾਮ ਦਾ ਐਲਾਨ ਕਰਕੇ ਲਾਗੂ ਕੀਤਾ ਜਾਵੇਗਾ, ਜਿਸਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ।

ਕਾਤਰਾਂ

ਆਫ਼ਤ ਮਿੱਤਰ ਯੋਜਨਾ ਤਹਿਤ ਹੜ੍ਹਾਂ ਦੌਰਾਨ ਬਚਾਅ ਕਾਰਜਾਂ ਦੀ ਸਿਖਲਾਈ

ਸੰਗਰੂਰ (ਪ੍ਰਵੀਨ ਸਿੰਘ)-ਪੁਲਿਸ ਲਾਈਨ ਏਰੀਆ ਦੇ ਸਵੀਮਿੰਗ ਪੂਲ ਵਿੱਚ ਕੋਰਸ ਡਾਇਰੈਕਟਰ ਡਾ. ਜੋਗ ਸਿੰਘ ਭਾਟੀਆ ਦੀ ਅਗਵਾਈ ਅਧੀਨ ਆਫਤ ਮਿੱਤਰ ਵਲੰਟੀਅਰਾਂ ਨੂੰ ਹੜ੍ਹਾਂ ਦੌਰਾਨ ਬਚਾਅ ਕਾਰਜਾਂ, ਡੁੱਬ ਰਹੇ ਵਿਅਕਤੀਆਂ ਨੂੰ ਬਚਾਉਣ, ਪਾਣੀ ਵਿੱਚੋਂ ਨਿਕਲਣ, ਰੱਸੇ ਦੀ ਸਹਾਇਤਾ ਨਾਲ ਕਿਵੇਂ ਬਚਾਅ ਕਾਰਜ ਕਰਨੇ ਹਨ, ਦੀ ਸਿਖਲਾਈ ਦਿੱਤੀ ਗਈ। ਸਿਖਲਾਈ ਦੌਰਾਨ ਘਰਾਂ ਵਿੱਚ ਵਰਤੇ ਜਾਂਦੇ ਸਮਾਨ ਜਿਵੇਂ ਖਾਲੀ ਡਰੰਮ ਜਾਂ ਟੀਨ ਦੇ ਪੀਪੇ, ਪਲਾਸਟਿਕ ਦੀਆਂ ਖਾਲੀ ਬੋਤਲਾਂ, ਕੋਲੇ ਦੇ ਦਰੱਖਤਾਂ ਦੇ ਤਣੇ ਅਤੇ ਬਾਂਸ ਦੇ ਪ੍ਰਯੋਗ ਦੁਆਰਾ ਪਾਣੀ ਵਿੱਚ ਤੈਰਨ ਦੀਆਂ ਤਕਨੀਕਾਂ ਦੀ ਸਿਖਲਾਈ ਦਿੱਤੀ ਗਈ। ਵਲੰਟੀਅਰਾਂ ਨੂੰ ਡੁੱਬਣ ਕਾਰਨ ਬੇਹੋਸ਼ ਹੋਏ ਵਿਅਕਤੀ ਨੂੰ ਮੁੱਢਲੀ ਸਹਾਇਤਾ ਵਜੋਂ ਸੀ.ਪੀ.ਆਰ ਦੇਣ ਦੀ ਤਕਨੀਕ ਵੀ ਸਿਖਾਈ ਗਈ। ਇਸ ਮੌਕੇ ਆਫ਼ਤ ਮਿੱਤਰ ਟ੍ਰੇਨਿੰਗ ਕੋਆਰਡੀਨੇਟਰ ਗੁਲਸ਼ਨ ਹੀਰਾ, ਗੁਰਸਿਮਰਨ ਸਿੰਘ, ਸ਼ੁਭਮ ਵਰਮਾ, ਅੰਬੀਰ ਸਿੰਘ, ਯੋਗੇਸ਼ ਸ਼ਰਮਾ, ਅੰਸ਼ੂਲ ਸ਼ਰਮਾ, ਅੰਸ਼ੂਮਨ ਸ਼ਾਰਧਾ, ਬਬੀਤਾ ਰਾਣੀ ਅਤੇ ਰਵਿੰਦਰ ਕੁਮਾਰ ਮੌਜੂਦ ਰਹੇ।

ਸੰਤ ਬਾਬਾ ਫ਼ਤਿਹ ਸਿੰਘ ਦੀ ਸਾਲਾਨਾ ਬਰਸੀ 'ਤੇ ਸਮਾਗਮ 19 ਨੂੰ

ਕੋਟ ਈਸੇ ਖਾਂ (ਅਰੋੜਾ)-ਸੱਚਖੰਡ ਵਾਸੀ ਸੰਤ ਬਾਬਾ ਫ਼ਤਿਹ ਸਿੰਘ ਜੀ ਦੀ 8ਵੀਂ ਸਾਲਾਨਾ ਬਰਸੀ ਗੁਰਮਿਤ ਸਮਾਗਮ, ਜੋ 4 ਪੋਹ 19 ਦਸੰਬਰ ਗੁਰਦੁਆਰਾ ਗੁਰੂਸਰ ਪਾਤਸਾਹੀ ਛੇਵੀਂ ਖੇੜਾ ਕੋਟਲਾ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸੰਤ ਬਾਬਾ ਗੁਰਮੀਤ ਸਿੰਘ ਨੇ ਦੱਸਿਆ ਕਿ ਸਾਲਾਨਾ ਬਰਸੀ ਅਤੇ ਗੁਰਮਤਿ ਸਮਾਗਮ 19 ਦਸੰਬਰ ਨੂੰ ਕਰਾਇਆ ਜਾ ਰਿਹਾ ਹੈ, ਜਿਸ ਵਿੱਚ ਪੰਥ ਦੇ ਪ੍ਰਸਿੱਧ ਕਥਾਵਾਚਕ, ਸੰਪਰਦਾਵਾਂ ਦੇ ਮੁਖੀ ਸਾਹਿਬਾਨ, ਪ੍ਰਸਿੱਧ ਰਾਗੀ ਅਤੇ ਢਾਡੀ ਇਸ ਸਲਾਨਾ ਬਰਸੀ ਅਤੇ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰ ਰਹੇ ਹਨ। ਇਸ ਬਰਸੀ ਅਤੇ ਧਾਰਮਿਕ ਸਮਾਗਮ ਵਿੱਚ ਦੇਸ ਵਿਦੇਸ ਤੋਂ ਸੰਗਤਾਂ ਵੀ ਨਤਮਸਤਕ ਹੋ ਰਹੀਆਂ ਹਨ। ਬਾਬਾ ਹਰਚੰਦ ਨੇ ਦੱਸਿਆ ਕਿ 17 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਏਗੀ ਤੇ 19 ਦਸੰਬਰ ਨੂੰ ਭੋਗ ਪਾਏ ਜਾਣਗੇ।

ਫਿਰੋਜ਼ਪੁਰ ਦੇ ਮੈਡੀਕਲ ਸਟੋਰਾਂ 'ਤੇ ਧੜੱਲੇ ਨਾਲ ਵਿਕ ਰਹੇ ਨਸ਼ੇ, ਕੈਪਸੂਲ ਤੇ ਗੋਲੀਆਂ : ਮੋੜਾ ਸਿੰਘ ਅਨਜਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੂਰੇ ਪੰਜਾਬ ਦੇ ਵਿੱਚ ਪਿਛਲੇ ਪੰਦਰਾ ਸਾਲਾਂ ਤੋਂ ਨਸ਼ੇ ਦਾ ਕਾਰੋਬਾਰ ਬੜੇ ਵੱਡੇ ਪੱਧਰ ਤੇ ਹੋ ਰਿਹਾ ਹੈ। ਜਿਸ ਨਾਲ ਪੰਜਾਬ ਦੀ ਜਵਾਨੀ ਨਸ਼ਿਆਂ ਵਲ ਧੱਸਦੀ ਜਾ ਰਹੀ ਹੈ। ਸਮੇਂ ਸਮੇਂ ਤੇ ਪ੍ਰਸ਼ਾਸ਼ਨ ਦਾਅਵੇ ਕਰਦਾ ਹੈ ਕੇ ਨਸ਼ੇ ਤੇ ਰੋਕ ਲਗਾਈ ਜਾ ਚੁੱਕੀ ਹੈ ਜੋ ਦਾਅਵੇ ਬੇ ਬੁਨਿਆਦ ਹੁੰਦੇ ਹਨ। ਸੰਯੁਕਤ ਸਮਾਜ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਤੇ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਉਮੀਦਵਾਰ ਰਹੇ ਮੋੜਾ ਸਿੰਘ ਅਨਜਾਨ ਨੇ ਕਿਹਾ ਕਿ ਜਿਸ ਤਰਾਂ ਪੂਰੇ ਪੰਜਾਬ ਵਿੱਚ ਨਸ਼ੇ ਦਾ ਕਾਰੋਬਾਰ ਪੂਰੇ ਜੋਰਾਂ 'ਤੇ ਚੱਲ ਰਿਹਾ ਹੈ ਉਸੇ ਤਰ੍ਹਾਂ ਫਿਰੋਜ਼ਪੁਰ ਵਿੱਚ ਵੀ ਨਸ਼ੇ ਦਾ ਕਾਰੋਬਾਰ ਪ੍ਰਸ਼ਾਸ਼ਨ ਦੀ ਨੱਕ ਹੇਠਾਂ ਚੱਲ ਰਿਹਾ ਹੈ। ਅਨਜਾਨ ਨੇ ਕਿਹਾ ਕੇ ਸਰਕਾਰ ਦੇ ਹੁਕਮਾ ਦੇ ਬਾਵਜੂਦ ਵੀ ਅਫਸਰਾਂ ਦੀ ਮਿਲੀਭੁਗਤ ਨਾਲ ਫਿਰੋਜ਼ਪੁਰ ਸ਼ਹਿਰ ਦੇ ਮੈਡੀਕਲ ਸਟੋਰਾਂ ਤੇ ਪਾਬੰਦੀਸ਼ੁਦਾ ਕੈਪਸੂਲ ਟੀਕੇ ਤੇ ਗੋਲੀਆਂ ਟੋਫੀਆਂ ਵਾਂਗ ਵਿਕ ਰਹੇ ਹਨ, ਜਿਹੜੇ ਤੁਸੀਂ ਬਿਨਾ ਡਾਕਟਰ ਦੀ ਪਰਚੀ ਤੋਂ ਖਰੀਦ ਸਕਦੇ ਹੋ, ਜਿਨ੍ਹਾਂ ਦਾ ਪ੍ਰਸ਼ਾਸ਼ਨ ਨੂੰ ਵੀ ਪਤਾ ਹੈ। ਅਨਜਾਨ ਨੇ ਕਿਹਾ ਕਿ ਇਹ ਮੈਡੀਕਲ ਮਾਫੀਆ ਏਨਾ ਵੱਡਾ ਹੈ ਤੇ ਆਪਣੇ ਪੈਰ ਇਸਤਰਾਂ ਜਮਾਈ ਬੈਠਾ ਹੈ ਕਿ ਸਰਕਾਰ ਦੇ ਹੁਕਮਾ ਨੂੰ ਵੀ ਟਿੱਚ ਜਾਣਦਾ ਹੈ। ਅਨਜਾਨ ਨੇ ਕਿਹਾ ਕੇ ਪ੍ਰਸ਼ਾਸਨ ਦੇ ਨਾਲ ਨਾਲ ਮੈਡੀਕਲ ਸਟੋਰਾਂ ਦੇ ਮਾਲਕਾਂ ਨੂੰ ਵੀ ਚਿਤਾਵਨੀ ਹੈ ਕਿ ਜੇਕਰ ਇਹ ਕਾਰੋਬਾਰ ਬੰਦ ਨਾ ਕੀਤਾ ਤਾਂ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਸਮੇਂ ਉਨ੍ਹਾਂ ਨਾਲ ਜਗਜੀਤ ਸਿੰਘ ਕਾਦਾ ਬੋਹੜਾ, ਗੁਰਸੇਵਕ ਸਿੰਘ ਸਿਆਲ, ਬਲਦੇਵ ਸਿੰਘ ਵਾਹਗੇਵਾਲਾ, ਮਨਪ੍ਰੀਤ ਸਿੰਘ ਰੁਕਨਸ਼ਾਹ, ਅਵਤਾਰ ਸਿੰਘ ਸ਼ੇਰਖਾ ਆਦਿ ਹਾਜ਼ਰ ਸਨ।

ਨਰੇਗਾ ਮਜ਼ਦੂਰਾਂ ਦੀ ਦਿਹਾੜੀ 431 ਰੁਪਏ ਤੁਰੰਤ ਲਾਗੂ ਹੋਵੇ : ਪਿਪਲੀ, ਔਲਖ

ਫ਼ਰੀਦਕੋਟ/ਕੋਟਕਪੂਰਾ (ਐਲਿਗਜੈਂਡਰ ਡਿਸੂਜਾ/ਰਛਪਾਲ ਭੁੱਲਰ)

ਨਰੇਗਾ ਰੁਜ਼

16-DEC-PAGE-6-Advt-G.qxd 12/15/2023 10:40 PM Page 1

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 'ਚ ਪੋਸਟਰ ਮੇਕਿੰਗ ਤੇ ਮਹਿੰਦੀ ਮੁਕਾਬਲੇ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ, ਹਲਕਾ ਕਾਦੀਆਂ ਵਿਖੇ ਸਵੀਪ ਤਹਿਤ ਪੋਸਟਰ ਮੇਕਿੰਗ ਅਤੇ ਮਹਿੰਦੀ ਦੇ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਲਗਪਗ 50 ਬੱਚਿਆਂ ਵੱਲੋਂ ਸ਼ਮੂਲੀਅਤ ਕਰਕੇ ਵੋਟਾਂ ਬਣਾਉਣ ਸਬੰਧੀ ਪੋਸਟਰ ਬਣਾਏ ਗਏ। ਨੋਡਲ ਅਫਸਰ ਸਵੀਪ ਹਲਕਾ ਕਾਦੀਆਂ ਕਮ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਨੇ ਦੱਸਿਆ ਕਿ 18-19 ਸਾਲ ਦੀਆਂ ਨਵੀਆਂ ਵੋਟਾਂ ਬਣਾਉਣ ਲਈ ਜਿੱਥੇ ਬੂਥ ਲੈਵਲ 'ਤੇ ਕੈਂਪ ਲਗਾਏ ਜਾ ਰਹੇ ਹਨ, ਉੱਥੇ ਜ਼ਿਲ੍ਹਾ ਸਵੀਪ ਟੀਮ ਵੱਲੋਂ ਵੱਖ ਵੱਖ ਸਕੂਲਾਂ ਤੇ ਕਾਲਜਾਂ ਵਿੱਚ ਮਹਿੰਦੀ, ਸਲੋਗਨ ਮੇਕਿੰਗ ਤੇ ਪੋਟਿੰਗ ਮੁਕਾਬਲੇ ਕਰਵਾ ਕੇ ਨੌਜਵਾਨ ਪੀੜ੍ਹੀ ਨੂੰ ਨਵੀਆਂ ਵੋਟਾਂ ਬਣਾਉਣ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਪੋਸਟਰ ਮੇਕਿੰਗ ਅਤੇ ਮਹਿੰਦੀ ਲਗਾਉਣ ਦੇ ਮੁਕਾਬਲੇ ਕਰਵਾਏ ਗਏ ਹਨ। ਇਸ ਦੌਰਾਨ ਡਾ. ਕੌਸ਼ਲ ਵੱਲੋਂ ਵਿਦਿਆਰਥੀਆਂ ਨੂੰ ਨਵੀਆਂ ਵੋਟਾਂ ਬਣਾਉਣ ਲਈ ਵੀ ਪ੍ਰੇਰਿਤ ਕੀਤਾ। ਇਸ ਦੌਰਾਨ ਪਹਿਲੇ, ਦੂਜੇ ਤੇ ਤੀਸਰੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ। ਇਸ ਮੌਕੇ ਲੈਕਚਰਾਰ ਪਰਮਜੀਤ ਕੌਰ, ਲੈਕਚਰਾਰ ਸੁਨੀਤਾ ਕੁਮਾਰੀ, ਸਮੇਤ ਸਟਾਫ ਹਾਜ਼ਰ ਸੀ।

ਕਲਾਨੌਰ ਏਰੀਏ 'ਚ ਲੋਕਾਂ ਨੇ ਬਾਰਾਸਿੰਗਾ ਕੀਤਾ ਜੰਗਲਾਤ ਮਹਿਕਮੇ ਹਵਾਲੇ

ਕਲਾਨੌਰ, (ਮਨਦੀਪ ਕੋਹਲੀ) - ਇਤਿਹਾਸਕ ਕਸਬਾ ਕਲਾਨੌਰ ਦੇ ਨੇੜੇ ਖੇਤਾਂ ਵਿੱਚ ਅਚਾਨਕ ਜੰਗਲੀ ਬਾਰਾਸਿੰਗਾ ਦੇਖਣ ਕਾਰਨ ਨੇੜੇ ਖੇਤਾਂ ਵਿੱਚ ਕੰਮ ਕਰ ਰਹੇ ਲੋਕਾਂ ਵਿੱਚ ਭਗਦੜ ਮੱਚ ਗਈ ਅਤੇ ਡਰ ਦਾ ਮਾਹੌਲ ਬਣ ਗਿਆ ਜਿਸ ਤੋਂ ਬਾਅਦ ਜੰਗਲਾਤ ਵਿਭਾਗ ਦੀ ਟੀਮ ਨੂੰ ਇਤਲਾਹ ਦਿੱਤੀ ਗਈ ਤੇ ਜੰਗਲਾਤ ਵਿਭਾਗ ਦੀ ਟੀਮ ਨੇ ਸਥਾਨਕ ਨੌਜਵਾਨਾਂ ਦੀ ਮਦਦ ਨਾਲ ਬਾਰਾਸਿੰਗਾ ਨੂੰ ਕਾਬੂ ਕੀਤਾ। ਇਸ ਮੌਕੇ ਸਥਾਨਕ ਨੌਜਵਾਨ ਜੋ ਖੇਤਾਂ ਵਿੱਚ ਕੰਮ ਕਰ ਰਹੇ ਸਨ ਉਨ੍ਹਾਂ ਵਿੱਚ ਅਸ਼ੋਕ ਸੈਣੀ, ਸਤਿੰਦਰ ਭਾਰਲ, ਮਿੱਠੂ ਸੈਣੀ, ਬੋਧੀ ਸੈਣੀ, ਕਾਕਾ ਪਵਾਰ ਆਦਿ ਨੇ ਦੱਸਿਆ ਕਿ ਜਦ ਉਹ ਆਪਣੇ ਖੇਤਾਂ ਵਿੱਚ ਕੰਮ ਕਰ ਰਹੇ ਸਨ ਤਾਂ ਉਨ੍ਹਾਂ ਨੇ ਅਚਾਨਕ ਬਾਰਾਸਿੰਗਾ ਨੂੰ ਦੇਖਿਆ, ਜਿਸ ਦੇ ਮਗਰ ਅਵਾਰਾ ਕੁੱਤੇ ਪਏ ਹੋਏ ਸਨ। ਇਸ ਸਬੰਧੀ ਜੰਗਲਾਤ ਵਿਭਾਗ ਨੂੰ ਸੂਚਿਤ ਕੀਤਾ ਗਿਆ ਤੇ ਉਨ੍ਹਾਂ ਨੇ ਆਪਣੇ ਬੇਲਦਾਰ ਪਵਿੱਤਰ ਸਿੰਘ ਸਾਹਿਲ ਅਤੇ ਕਾਲਾ ਨੂੰ ਜੰਗਲੀ ਜਾਨਵਰ ਬਾਰਾਸਿੰਗਾ ਨੂੰ ਫੜਨ ਲਈ ਭੇਜਿਆ। ਕਰੀਬ ਢਾਈ ਤਿੰਨ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਬਾਰਾਸਿੰਗਾ ਨੂੰ ਕਾਬੂ ਕੀਤਾ ਗਿਆ। ਜਿਸ ਤੋਂ ਬਾਅਦ ਜੰਗਲਾਤ ਵਿਭਾਗ ਵਾਲੇ ਬਾਰਾਸਿੰਗਾ ਨੂੰ ਨਾਲ ਲੈ ਗਏ।

ਸੀ ਐੱਮ ਦੀ ਯੋਗਸ਼ਾਲਾ ਤਹਿਤ ਰੋਜ਼ਾਨਾ ਲਗਾਈਆਂ ਜਾ ਰਹੀਆਂ ਮੁਫ਼ਤ ਯੋਗਾ ਕਲਾਸਾਂ : ਰਮਨ ਬਹਿਲ

ਗੁਰਦਾਸਪੁਰ, (ਦਿਨੇਸ਼ ਕੁਮਾਰ)- ਸਿਹਤਮੰਦ ਪੰਜਾਬ ਦੇ ਸੁਪਨੇ ਨੂੰ ਲੈ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਸੀ ਐਮ ਦੀ ਯੋਗਸ਼ਾਲਾ ਦੇ ਤਹਿਤ ਜ਼ਿਲ੍ਹਾ ਸਦਰ ਮੁਕਾਮ ਗੁਰਦਾਸਪੁਰ ਵਿਖੇ 31 ਯੋਗਾ ਕਲਾਸਾਂ ਚੱਲ ਰਹੀਆ ਹਨ। ਇਹ ਯੋਗਾ ਕਲਾਸਾਂ ਬਿਲਕੁਲ ਮੁਫ਼ਤ ਹਨ ਅਤੇ ਵੱਡੀ ਗਿਣਤੀ 'ਚ ਲੋਕ ਇਨ੍ਹਾਂ ਕਲਾਸਾਂ ਦਾ ਲਾਭ ਉਠਾ ਰਹੇ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲਗਾਈਆਂ ਜਾ ਰਹੀਆਂ ਇਹ ਯੋਗਾ ਕਲਾਸਾਂ ਬਿਲਕੁਲ ਮੁਫ਼ਤ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਯੋਗਾ ਕਲਾਸਾਂ ਦਾ ਫਾਇਦਾ ਹਰ ਵਿਅਕਤੀ ਉਠਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਜ਼ਿਲ੍ਹੇ ਦੇ ਹੋਰ ਸ਼ਹਿਰਾਂ ਦੇ ਵਸਨੀਕ ਵੀ ਆਪਣੇ ਸ਼ਹਿਰ 'ਚ ਯੋਗ ਦੀਆਂ ਕਲਾਸਾਂ ਸ਼ੁਰੂ ਕਰਵਾਉਣਾ ਚਾਹੁੰਦੇ ਹਨ ਤਾਂ ਉਹ 76694-00500 ਨੰਬਰ 'ਤੇ ਕਾਲ ਕਰ ਸਕਦੇ ਹਨ। ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਇਸ ਸਮੇਂ ਗੁਰਦਾਸਪੁਰ ਸ਼ਹਿਰ ਦੇ ਵਿੱਚ ਪੁੱਡਾ ਐਵਨਿਊ, ਐਗਰੀਕਲਚਰ ਫਾਰਮ, ਫਿਸ਼ ਪਾਰਕ, ਰੇਲਵੇ ਕਲੋਨੀ ਪਾਰਕ, ਡਾਕਟਰ ਅੰਬੇਦਕਰ ਨਗਰ, ਸਰਕਾਰੀ ਕਾਲਜ ਦੇ ਸਟੇਡੀਅਮ, ਮਾਈ ਕਾ ਮੰਦਰ, ਗੀਤਾ ਭਵਨ, ਇੰਪਰੂਵਮੈਂਟ ਟਰੱਸਟ ਦੀ ਸਕੀਮ ਨੰਬਰ-07 ਆਦਿ ਥਾਵਾਂ 'ਤੇ ਰੋਜ਼ਾਨਾ ਸਵੇਰੇ-ਸ਼ਾਮ ਮੁਫਤ ਯੋਗ ਕਲਾਸਾਂ ਚੱਲ ਰਹੀਆਂ ਹਨ।

ਨੈਸਲੇ ਇੰਡੀਆ ਨੇ ਪ੍ਰੋਜੈਕਟ ਹਿੱਲਦਾਰੀ ਦੇ ਪੰਜ ਸਾਲਾਂ ਦਾ ਜਸ਼ਨ ਮਨਾਇਆ

ਮੋਗਾ : ਪ੍ਰੋਜੈਕਟ ਹਿੱਲਦਾਰੀ ਪਲੈਨ ਫਾਊਂਡੇਸ਼ਨ ਅਤੇ ਸਤ੍ਰੀ ਮੁਕਤੀ ਸੰਗਠਨ ਅਤੇ ਤਕਨੀਕੀ ਭਾਗੀਦਾਰ ਰੇਸਿਟੀ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਨਾਲ ਭਾਗੀਦਾਰੀ 'ਚ ਇੱਕ ਨੈਸਲੇ ਇੰਡੀਆ ਪਹਿਲੂ ਹੈ। ਪਿਛਲੇ ਪੰਜ ਸਾਲਾਂ 'ਚ ਪ੍ਰੋਜੈਕਟ ਹਿੱਲਦਾਰੀ ਨੇ ਭਾਰਤ ਦੇ ਚੁਣਿੰਦਾ ਟੂਰਿਸਟ ਸ਼ਹਿਰਾਂ 'ਚ ਅਵਸ਼ੇਸ਼ ਪ੍ਰਬੰਧ ਦੇ ਲਈ ਸਫਲਤਾ ਦੇ ਨਾਲ ਸਮਾਵੇਸ਼ੀ ਅਤੇ ਲਚਕਦਾਰ ਮਾਡਲਾਂ ਨੂੰ ਵਿਕਸਿਤ ਕੀਤਾ ਹੈ। ਪ੍ਰੋਜੈਕਟ ਵਰਤਮਾਨ 'ਚ ਪੋਂਡਾ, ਮਸੂਰੀ, ਮਹਾਬਲੇਸ਼ਵਰ, ਮੁਨਾਰ, ਡਲਹੌਜ਼ੀ, ਦਾਰਜੀਲਿੰਗ ਅਤੇ ਪਾਲਮਪੁਰ ਦੇ ਵਿੱਚ ਚੱਲ ਰਿਹਾ ਹੈ। ਮੌਕੇ 'ਤੇ ਟਿੱਪਣੀ ਕਰਦੇ ਹੋਏ ਸੁਰੇਸ਼ ਨਰਾਇਣਨ, ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਨੈਸਲੇ ਇੰਡੀਆ ਨੇ ਕਿਹਾ, "ਪੰਜ ਸਾਲ ਪਹਿਲਾਂ ਅਸੀਂ ਪ੍ਰੋਜੈਕਟ ਹਿੱਲਦਾਰੀ ਦੇ ਨਾਲ ਇੱਕ ਮਹੱਤਵਪੂਰਨ ਯਾਤਰਾ ਨੂੰ ਸ਼ੁਰੂ ਕੀਤਾ ਹੈ ਜੋ ਕਿ ਅਸੀਂ ਸਥਿਰ ਅਵਸ਼ੇਸ਼ ਪ੍ਰਬੰਧ ਮਾਡਲਾਂ ਨੂੰ ਅਪਣਾ ਕੇ ਅਤੇ ਸੰਗਠਿਤ ਕੰਮ ਕਰਕੇ ਕੀਤਾ ਹੈ।" ਪ੍ਰੋਜੈਕਟ ਹਿੱਲਦਾਰੀ ਦੇ ਪੰਜ ਸਾਲਾਂ ਦੀ ਪ੍ਰਾਪਤੀ 'ਤੇ ਪਹੁੰਚਣ 'ਤੇ ਮਿਸ ਜੋਤੀ ਮਹਾਪਸੇਕਰ, ਪ੍ਰਧਾਨ, ਸਤ੍ਰੀ ਮੁਕਤੀ ਸੰਗਠਨ ਨੇ ਕਿਹਾ, "ਪਿਛਲੇ ਪੰਜ ਸਾਲ ਪ੍ਰੋਜੈਕਟ ਹਿੱਲਦਾਰੀ ਟੀਮ ਲਈ ਬਹੁਤ ਹੀ ਸੰਪੂਰਨ ਰਹੇ ਹਨ, ਜਿੱਥੇ ਅਸੀਂ ਕੁਝ ਸਾਰਥਕ ਕੰਮ ਕੀਤੇ ਹਨ ਜਿਵੇਂ ਕਿ ਵੇਸਟ ਵਰਕਰ ਭਾਈਚਾਰੇ ਦਾ ਪੇਸ਼ੇਵਰੀਕਰਨ।

ਨਿਲਾਮੀ ਸੂਚਨਾ

ਗ੍ਰਾਮ ਪੰਚਾਇਤ ਓਠੀਆਂ ਵਿਖੇ ਛੱਪੜ, ਖੇਤੀਬਾੜੀ ਸੰਦਾਂ ਦੀ ਨਿਲਾਮੀ 21.12.2023 ਨੂੰ ਖੇਡ ਗਰਾਊਂਡ ਵਿਖੇ ਕੀਤੀ ਜਾਵੇਗੀ। ਸੰਪਰਕ 94177-40764

COURT NOTICE

In the Court of
Ms. Gurpreet Kaur
Civil Judge (Jr. Div.) Ajnala.
CNR No. PBASA0-000341-2022
CS/262/2022
Next Date : 27-03-2024

Sukhwinder Kaur W/o Joginder Singh S/o Moola Singh R/o VPO Ajnala, Tehsil Ajnala, Distt. Amritsar.

Versus

Baljinder Kaur D/o Kirpal Singh and W/o Manjit Singh R/o VPO Ajnala Tehsil Ajnala, Distt. Amritsar, at present R/o Village Kot Razada, Tehsil Ajnala, Distt. Amritsar.

Suit for Possession

Notice to : Baljinder Kaur D/o Kirpal Singh and W/o Manjit Singh R/o VPO Ajnala, Tehsil Ajnala, Distt. Amritsar, at Present R/o Village Kot Razada, Tehsil Ajnala, Distt. Amritsar.

In the above titled Civil Suit, defendant could not be served. It is ordered that the defendant should appear in person or through Counsel on 27-03-2024 at 10.00 a.m.

For details logon to https://highcourtchd.gov.in/?trs=district_notice&district=Amritsar.

Given under my hand and the seal of the Court, this 12-12-2023

Civil Judge (Jr. Div.), Ajnala.
Seal of the Court

COURT NOTICE

(U/o 5 Rule 20 CPC)
In the Court of
Ms. Harkamal Kaur,
Civil Judge Junior Division-11, Patiala
CNR No. PBPT 02-002695-2023
Next Date : 12-01-2024
Ram Lal vs. General Public
Publication Issued to :
General Public
:
Patiala

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 12-01-2024 at 10.00 a.m.

For details logon to https://highcourtchd.gov.in/trs=district_notice&district=Patiala.

Civil Judge, Junior Division, Patiala

Dated, this day of 14-12-2023

COURT NOTICE

(U/o 5 Rule 20 CPC)
In the Court of
Ms. Tripat Jot Kaur,
Additional Principal Judge Family Court-I, Jalandhar
CNR No. PBJL01-015898-2023
Next Date : 27-02-2024

Harjeet Kaur W/o Amarjit Singh D/o Malkit Singh R/o H.No. 102 Gali No. 1, Joginder Nagar Rama Mandi, Jalandhar.

Vs.

1. Amarjit Singh S/o Charan Singh R/o Village Talwandi Daddian Patti Mirapur Police Station Tanda Distt. Hoshiarpur, 2. General Public

Publication Issued to : General Public : General Public

In above titled case, the defendant(s)/respondent(s) could not be served. It is Ordered that defendant(s)/respondent(s) should appear in person or through counsel 27-02-2024 at 10.00 a.m.

For details logon to https://highcourtchd.gov.in/?trs=district_notice&district=Jalandhar.

Additional Principal Judge Family Court-I, Jalandhar.
Dated, this day of 14-12-2023

COURT NOTICE

(U/o 5 Rule 20 CPC)
In the Court of
Ms. Minakshi Mahajan, Additional Civil Judge (Senior Division), Payal
CNR No. PBLDD0-000319-2020
Next Date : 08-01-2024

Nishan Singh S/o Gurmit Singh S/o Darshan Singh R/o Village Siahar, Tehsil Payal, Ludhiana

Vs.

Jagdev Singh alias Babbu S/o Dalip Singh R/o Village Siahar, Tehsil Payal, Ludhiana.

Publication issued to : 4. Daljit Singh @ Bathu S/o Dalip Singh, 5. Charan Singh S/o Daljit Singh, 11. Sadhu Singh S/o Bachan Singh, 14. Jasbir Singh S/o Tawar Singh, 16. Surjit Singh S/o Niranjan Singh, 19. Nazi Singh S/o Niranjan Singh, 20. Santa Singh S/o Bakhshish Singh, 21. Jagar S/o Santa Singh, 22. Sadhu S/o Santa Singh, 23. Golu S/o Santa Singh, 24. Bhag Singh S/o Santa Singh, 25. Kewal Singh S/o Santa Singh. All R/o Village Siahar, Tehsil Payal, Distt. Ludhiana. 26. Kamal Singh S/o Jagir Singh, Ex. Sarpanch of Village Siahar Tehsil Payal, Ludhiana. In above titled case, the defendant(s)/respondent(s) could not be served. It is Ordered that defendant(s)/respondent(s)should appear in person or through counsel on 08-01-2024 at 10.00 a.m.

For details logon to https://highcourtchd.gov.in/?trs=district_notice&district=Ludhiana.

Additional Civil Judge (Senior Division), Payal
Dated, this day of 14-12-2023

COURT NOTICE

(U/o 5 Rule 20 CPC)
In the Court of
Ms. Minakshi Mahajan, Additional Civil Judge (Senior Division), Payal
CNR No. PBLD0-000441-2023
Next Date : 09-01-2024

Deepak Jain S/o Late Jawahar Lal R/o Village Ramgarh Sardaran, Tehsil Payal, Distt. Ludhiana.

Vs.

General Public
Publication Issued to : General Public :
Payal, Distt. Ludhiana, Punjab

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 09-01-2024 at 10.00 a.m.

For details logon to https://highcourtchd.gov.in/?trs=district_notice&district=Ludhiana

Additional Civil Judge (Senior Division) Payal
Dated, this day of 14-12-2023

"ਫਾਰਮ ਨੰਬਰ ਆਈ ਐੱਨ ਸੀ -26"

(ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼, 2014 ਦੇ ਰੂਲ 30 ਦੀ ਪਾਲਣਾ 'ਚ)

ਕੰਪਨੀ ਦਾ ਰਜਿਸਟਰਡ ਦਫਤਰ ਇੱਕ ਜ਼ਿਲ੍ਹੇ 'ਚੋਂ ਦੂਸਰੇ ਜ਼ਿਲ੍ਹੇ 'ਚ ਤਬਦੀਲ ਕਰਨ ਲਈ ਅਖਬਾਰ 'ਚ ਪ੍ਰਕਾਸ਼ਤ ਕਰਨ ਲਈ ਇਸ਼ਤਿਹਾਰ। ਸਨਮੁੱਖ ਰਜਿਸਟਰਾਰ ਆਫ ਕੰਪਨੀਜ਼, ਚੰਡੀਗੜ੍ਹ ਕੰਪਨੀਜ਼ ਐਕਟ 2013 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਤੇ ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼, 2014 ਦੇ ਰੂਲ 30 ਦੇ ਸਬ-ਰੂਲ (5) ਦੀ ਕਲਾਜ਼ (ਏ) ਦੇ ਮਾਮਲੇ 'ਚ

ਅਤੇ

ਫੇਅਰਡੀਲ ਜਨਰਲ ਫਾਇਨਾਂਸ ਕੰਪਨੀ ਲਿਮਟਿਡ, ਰਜਿਸਟਰਡ, ਦਫਤਰ 556 ਬੀ, 5ਵੀਂ ਮੰਜ਼ਲ, ਕੂਲ ਰੋਡ, ਜਲੰਧਰ, ਪੰਜਾਬ, ਇੰਡੀਆ-144001 ਦੇ ਮਾਮਲੇ 'ਚ ....ਪਟੀਸ਼ਨਰ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਤਹਿਤ ਰਜਿਸਟਰਡ ਆਫ ਕੰਪਨੀਜ਼ ਚੰਡੀਗੜ੍ਹ ਨੂੰ ਕੰਪਨੀ ਦਾ ਰਜਿਸਟਰਡ ਦਫਤਰ ਤਬਦੀਲ ਕਰਨ ਦੀ ਪੁਸ਼ਟੀ ਲਈ ਅਰਜ਼ੀ ਦੇਣ ਦੀ ਤਜਵੀਜ਼ ਹੈ, ਜੋ ਕਿ 10-12-2023 ਨੂੰ ਹੋਈ ਅਸਧਾਰਨ ਜਨਰਲ ਮੀਟਿਗ 'ਚ ਪਾਸ ਕੀਤੇ ਗਏ ਵਿਸ਼ੇਸ਼ ਮਤੇ 'ਚ ਕੰਪਨੀ ਨੂੰ ਰਜਿਸਟਰਡ ਦਫਤਰ 556 ਬੀ, 5ਵੀਂ ਮੰਜ਼ਲ, ਕੂਲ ਰੋਡ, ਜਲੰਧਰ, ਪੰਜਾਬ-144001, ਜੋ ਕਿ ਪੰਜਾਬ ਦਾ ਇੱਕ ਜ਼ਿਲ੍ਹਾ ਹੈ, ਤੋਂ ਜ਼ਿਲ੍ਹਾ ਰੋਡ, ਨੇੜੇ ਟਰੱਕ ਯੂਨੀਅਨ ਮਾਲੇਰਕੋਟਲਾ, ਸੰਗਰੂਰ, ਪੰਜਾਬ-148023, ਪੰਜਾਬ ਦੇ ਹੋਰ ਜ਼ਿਲ੍ਹੇ 'ਚ ਤਬਦੀਲ ਕਰਨ ਦੀ ਆਗਿਆ ਦਿੰਦਾ ਹੈ।

ਕੋਈ ਵਿਅਕਤੀ, ਜਿਸ ਦੇ ਹਿੱਤ ਕੰਪਨੀ ਦੇ ਰਜਿਸਟਰਡ ਦਫਤਰ ਤਬਦੀਲ ਕੀਤੇ ਜਾਣ ਦੀ ਤਜਵੀਜ਼ ਕਾਰਨ ਪ੍ਰਭਾਵਤ ਹੁੰਦੇ ਹਨ, ਉਹ ਐੱਮ ਸੀ ਏ 21 ਪੋਰਟਲ (www.mca.gov.in) 'ਤੇ ਇਨਵੈਸਟਰ ਕੰਪਲੇਂਟ ਫਾਰਮ ਭਰ ਕੇ ਜਾਂ ਰਜਿਸਟਰਡ ਡਾਕ ਰਾਹੀਂ ਆਪਣੇ ਇਤਰਾਜ਼ ਹਲਫੀਆ ਬਿਆਨ ਦੇ ਨਾਲ ਹਿੱਤ ਅਤੇ ਵਿਰੋਧ ਦੇ ਅਧਾਰ, ਰਜਿਸਟਰਾਰ ਆਫ ਕੰਪਨੀਜ਼, ਚੰਡੀਗੜ੍ਹ, ਪਤਾ : ਪਹਿਲੀ ਮੰਜ਼ਲ, ਕਾਰਪੋਰੇਟ ਭਵਨ, ਪਲਾਟ ਨੰਬਰ-4-ਬੀ, ਸੈਕਟਰ 27-ਬੀ, ਚੰਡੀਗੜ੍ਹ-160019 ਅਤੇ ਰਿਜ਼ਰਵ ਬੈਂਕ ਆਫ ਇੰਡੀਆ, ਚੰਡੀਗੜ੍ਹ ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 21 ਦਿਨਾਂ ਦੇ ਅੰਦਰ, ਬਿਨੈਕਾਰ ਕੰਪਨੀ ਦੇ ਹੇਠਾਂ ਦਰਸਾਏ ਰਜਿਸਟਰਡ ਦਫਤਰ ਨੂੰ ਨਕਲ ਦੇ ਨਾਲ ਭੇਜ ਸਕਦਾ ਹੈ।

ਵਾਸਤੇ ਅਤੇ ਤਰਫੋਂ ਬਿਨੈਕਾਰ
ਫੇਅਰਡੀਲ ਜਨਰਲ ਫਾਇਨਾਂਸ ਕੰਪਨੀ ਲਿਮਟਿਡ
ਸਹੀ/-
ਅਮਰਜੀਤ ਸਿੰਘ, ਡਾਇਰੈਕਟਰ।
(ਡੀ ਆਈ ਐੱਨ : 08181556)
ਪਤਾ : ਤਹਿਸੀਲ ਮਾਲੇਰਕੋਟਲਾ, ਭੋਣੀ ਕਲਾਂ, ਹਿਮਤਾਨਾ, ਸੰਗਰੂਰ, ਪੰਜਾਬ।
ਮਿਤੀ : 14-12-2023
ਸਥਾਨ : ਮਾਲੇਰਕੋਟਲਾ

ਕਲਾਸੀਫਾਈਡ ਇਸ਼ਤਿਹਾਰ

Public Notice

I Lakhwinder Singh Binning S/o Balvir Singh R/o VPO Chachoki P.S Phagwara Teh Phagwara Distt. Kapurthala Holder of Indian Passport No. F7702586 issued on 17/05/2006 and White Passport No. X237380 issued on 30/06/2010 of Saudi Arabia declare that in my passport my family member name written as Lakhbinder Binning(Self) Balbir Kaur (Father) Sukhvinder Kaur(Mother) Parjee Kaur wife, But our correct name as Lakhwinder Singh Binning (Self), Balvir Singh(Father, Sukhwinder Kaur (Mother), Harjit Kaur Binning(Wife). By Mistake Saudi Arabia. All Concerned Please Note.

I, Yusaf Singh S/o Santokh Singh R/o Village Kang Sahib Rai, Tehsil Nakodar, Distt. Jalandhar, declasre that I also known as Yusaf. Yusaf Singh & Yusaf both name are mine & one person. Please note. (9063)

I, Pramod Kumar S/o Vijender Kumar R/o Rithal Nirwal (75) Rohtak, Haryana-124303. Declare that Name of Mine and My Father has been wrongly written as Parmod and Vijender in my Graduation Documents And as Parmod and Virender in my migration certificate. The actual name of Mine and My Father are Pramod Kumar and Vijender Kumar, which may be amended accordingly. All Please Note.

ਪਬਲਿਕ ਨੋਟਿਸ

ਗ੍ਰਾਮ ਪੰਚਾਇਤ ਓਠੀਆਂ ਵਿਖੇ ਛੱਪੜ, ਖੇਤੀਬਾੜੀ ਸੰਦਾਂ ਦੀ ਨਿਲਾਮੀ 21.12.2023 ਨੂੰ ਖੇਡ ਗਰਾਊਂਡ ਵਿਖੇ ਕੀਤੀ ਜਾਵੇਗੀ। ਸੰਪਰਕ 94177-40764

ਆਮ ਸੂਚਨਾ

ਭਾਗਾ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਚੜਿੱਕ ਕੋਠੇ ਜੈਤੂ ਖੋਸਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਦੇ ਨਾਂਅ ਚੱਲਦੇ ਖੇਤੀਬਾੜੀ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 07-0650 ਲੋਡ 20 ਬੀ ਐੱਚ ਪੀ ਨੂੰ ਆਪਣੇ ਨਾਂਅ ਕਰਵਾਉਣ ਲਈ ਜੋਰਾ ਸਿੰਘ ਪੁੱਤਰ ਭਾਗਾ ਪਿੰਡ ਚੜਿੱਕ ਕੋਠੇ ਜੈਤੂ ਖੋਸਾ ਜ਼ਿਲ੍ਹਾ ਮੋਗਾ ਨੇ ਸੰਬੰਧਤ ਦਫਤਰ ਪੀ ਐੱਸ ਪੀ ਸੀ ਐੱਲ ਚੜਿੱਕ ਵਿਖੇ ਕਾਗਜ਼ ਪੇਸ਼ ਕੀਤੇ ਹਨ, ਜੇ ਕਿਸੇ ਨੂੰ ਇਤਰਾਜ਼ ਹੈ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਇਤਰਾਜ਼ ਪੇਸ਼ ਕਰੇ, ਨਹੀਂ ਤਾਂ ਉਕਤ ਕੁਨੈਕਸ਼ਨ ਨਾਂਅ ਬਦਲੀ ਕਰ ਦਿੱਤਾ ਜਾਵੇਗਾ।

ਮੈਂ, ਪ੍ਰਦੀਪ ਕੁਮਾਰ ਲਾਲੀ ਪੁੱਤਰ ਗਿਆਨ ਚੰਦ ਸ਼ਰਮਾ ਨਿਵਾਸੀ ਪਿੰਡ ਤੇ ਡਾਕਘਰ ਬਿੰਜੋ ਸੂਚਿਤ ਕਰਦਾ ਹਾਂ ਕਿ ਮੇਰੇ ਕਾਗਜ਼ਾਤ ਵਿੱਚ ਮੇਰੀ ਮਾਤਾ ਦਾ ਨਾਮ ਤਰਿਪਤਾ ਰਾਣੀ ਲਿਖਿਆ ਗਿਆ ਹੈ, ਜਦ ਕਿ ਉਨਾਂ ਦਾ ਸਹੀ ਨਾਮ ਤਰਿਪਤਾ ਦੇਵੀ ਹੈ, ਸੰਬੰਧਤ ਨੋਟ ਕਰਨ।

ਮੇਰੀ ਪਤਨੀ ਮਨਜੀਤ ਕੌਰ ਦੀ ਪਾਲਿਸੀ ਨੰਬਰ 149393495 ਜਿਸ ਵਿੱਚ ਮੈਂ ਨੌਮਨੀ ਹਾਂ

16-DEC-PAGE-7.qxd 12/15/2023 10:30 PM Page 1

ਲੁਟੇਰੇ ਗ੍ਰਿਫ਼ਤਾਰ ਨਾ ਕੀਤੇ ਤਾਂ ਧਰਨਾ ਦੇਣ ਲਈ ਮਜਬੂਰ ਹੋਵਾਂਗਾ : ਮੁਲਾਜ਼ਮ ਆਗੂ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਲੋਕਾਂ ਦੀ ਘਰਾਂ ਵਿੱਚ ਵੀ ਸੁਰੱਖਿਆ ਰੱਬ ਆਸਰੇ ਹੈ, ਜਿਸ ਦੀ ਤਾਜ਼ਾ ਮਿਸਾਲ ਪ ਸ ਸ ਫ ਦੇ ਸੂਬਾ ਜੋਨਲ ਪ੍ਰੈਸ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਦੇ ਘਰ ਲੁਟੇਰਿਆਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਅਤੇ ਪਰਿਵਾਰਿਕ ਮੈਂਬਰਾਂ ਨੂੰ ਜ਼ਖ਼ਮੀ ਕਰਨ ਤੋਂ ਮਿਲਦੀ ਹੈ।ਜੇਕਰ ਪੁਲਿਸ ਪ੍ਰਸ਼ਾਸਨ ਵਲੋਂ ਲੁਟੇਰੇ ਗ੍ਰਿਫ਼ਤਾਰ ਕਰਨ ਵਿਚ ਆਨਾਕਾਨੀ ਕੀਤੀ ਗਈ ਤਾਂ ਧਰਨਾ ਲਾਉਣ ਲਈ ਮਜਬੂਰ ਹੋਵਾਂਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ ਸ ਸ ਫ 1406/22/ ਚੰਡੀਗੜ੍ਹ ਦੇ ਜ਼ਿਲ੍ਹਾ ਜਰਨਲ ਸਕੱਤਰ ਇੰਜ. ਜਗਦੀਪ ਸਿੰਘ ਮਾਂਗਟ, ਸੀਨੀਅਰ ਮੀਤ ਪ੍ਰਧਾਨ ਰਾਜੀਵ ਹਾਂਡਾ, ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਭੁੱਲਰ, ਜੀਟੀਯੂ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਟੋ, ਸੀਨੀਅਰ ਮੀਤ ਪ੍ਰਧਾਨ ਹਰਪਾਲ ਸਿੰਘ ਸੰਧੂ, ਭੁਪਿੰਦਰ ਸਿੰਘ ਢਿੱਲੋਂ, ਸੁਭਾਸ਼ ਸ਼ਰਮਾ ਪ੍ਰਧਾਨ, ਕਿਸ਼ਨ ਚੰਦ ਜਾਗੋਵਾਲੀਆ ਜਰਨਲ ਸਕੱਤਰ ਆਲ ਇੰਪਲਾਈਜ ਕੋਆਰਡੀਨੇਸ਼ਨ ਕਮੇਟੀ ਫਿਰੋਜ਼ਪੁਰ, ਗੁਰਪ੍ਰੀਤ ਸਿੰਘ ਪ੍ਰਧਾਨ, ਜਨਰਲ ਸਕੱਤਰ ਸਤਿੰਦਰ ਕੁਮਾਰ ਸਟਾਫ਼ ਵੈਲਫੇਅਰ ਐਸੋਸੀਏਸ਼ਨ ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਨੇ ਕੀਤਾ।

ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕਰਦਿਆਂ ਪੀੜਤ ਪਰਵਾਰ ਨੂੰ ਇਨਸਾਫ ਦਿਵਾਉਣ ਅਤੇ ਲੋਕਾਂ ਅੰਦਰ ਬਣੇ ਦਹਿਸ਼ਤ ਦੇ ਪਰਛਾਵੇਂ ਨੂੰ ਮਿਟਾਉਣ ਲਈ ਢੁਕਵੇਂ ਕਦਮ ਚੁੱਕੇ।ਉਨ੍ਹਾਂ ਕਿਹਾ ਕਿ ਜੇਕਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਵਿਚ ਆਨਾਕਾਨੀ ਕੀਤੀ ਗਈ ਤਾਂ ਸਮੂਹ ਜਥੇਬੰਦੀਆਂ ਐੱਸਐੱਸਪੀ ਦਫਤਰ ਅੱਗੇ ਧਰਨਾ ਲਾਉਣ ਲਈ ਮਜ਼ਬੂਰ ਹੋਣਗੀਆਂ।

ਪੈਨਸ਼ਨਰਾਂ ਤੇ ਮੁਲਾਜ਼ਮਾਂ ਨੇ ਨਾਅਰੇਬਾਜ਼ੀ ਕਰਕੇ ਪੰਜਾਬ ਸਰਕਾਰ ਦੀ ਅਰਥੀ ਸਾੜੀ

ਕੋਟਕਪੂਰਾ (ਰਛਪਾਲ ਭੁੱਲਰ)- ਕੋਟਕਪੂਰਾ ਤਹਿਸੀਲ ਦੇ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਨੇ ਐਸ ਡੀ ਐਮ ਦਫਤਰ ਸਾਹਮਣੇ ਮਿਊਂਸਪਲ ਪਾਰਕ ਵਿੱਚ ਭਗਵੰਤ ਮਾਨ ਸਰਕਾਰ ਦੇ ਖਿਲਾਫ ਰੋਸ ਪ੍ਰਦਰਸਨ ਕਰਨ ਤੋਂ ਬਾਅਦ ਪੰਜਾਬ ਸਰਕਾਰ ਦੀ ਅਰਥੀ ਸਾੜੀ ਗਈ। ਇਸ ਮੌਕੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਫ਼ਰੀਦਕੋਟ ਦੇ ਆਗੂ ਪ੍ਰੇਮ ਚਾਵਲਾ, ਇੰਦਰਜੀਤ ਸਿੰਘ ਖੀਵਾ, ਕੁਲਵਿੰਦਰ ਸਿੰਘ ਮੌੜ, ਪ੍ਰਿੰਸੀਪਲ ਕ੍ਰਿਸ਼ਨ ਲਾਲ, ਪ੍ਰੀਤਮ ਸਿੰਘ ਖ਼ਜ਼ਾਨਾ ਦਫ਼ਤਰ, ਕੁਲਵੰਤ ਸਿੰਘ ਚਾਨੀ, ਹਰਪਾਲ ਸਿੰਘ ਮਚਾਕੀ, ਅਸ਼ੋਕ ਕੌਸਲ, ਹਰਵਿੰਦਰ ਸਰਮਾ, ਪ੍ਰਦੀਪ ਸਿੰਘ ਬਰਾੜ, ਜਗਵੰਤ ਸਿੰਘ ਬਰਾੜ, ਰਜਿੰਦਰ ਸਿੰਘ ਸਰਾਂ, ਇਕਬਾਲ ਸਿੰਘ ਢੁੱਡੀ ਜ਼ਿਲ੍ਹਾ ਪ੍ਰਧਾਨ ਕਲਾਸ ਫੋਰ ਯੂਨੀਅਨ ਤੇ ਭਰਾਤਰੀ ਜਥੇਬੰਦੀ ਦੇ ਆਗੂ ਸੁਖਜਿੰਦਰ ਸਿੰਘ ਤੁੰਬੜਭੰਨ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਇਸ ਸਰਕਾਰ ਨੇ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚੋਂ ਸੇਵਾਮੁਕਤ ਹੋਏ ਸਮੂਹ ਪੈਨਸ਼ਨਰਾਂ, ਆਊਟਸੋਰਸ, ਕੱਚੇ, ਠੇਕਾ ਆਧਾਰਤ ਤੇ ਰੈਗੂਲਰ ਮੁਲਾਜ਼ਮਾਂ ਅਤੇ ਸਕੀਮ ਵਰਕਰਾਂ ਦੀ ਆਪਣੇ 21 ਮਹੀਨੇ ਦੇ ਕਾਰਜ ਕਾਲ ਦੌਰਾਨ ਇੱਕ ਮੰਗ ਵੀ ਪੂਰੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਟੇਟ ਮਨਿਸਟਰੀਅਲ ਸਰਵਿਸਜ ਯੂਨੀਅਨ ਪੰਜਾਬ ਦੇ ਸੱਦੇ 'ਤੇ ਸਮੂਹ ਦਫ਼ਤਰੀ ਕਾਮੇ 8 ਨਵੰਬਰ ਤੋਂ ਕਲਮ ਛੋੜ ਹੜਤਾਲ 'ਤੇ ਚੱਲ ਰਹੇ ਹਨ, ਪਰ ਮੁੱਖ ਮੰਤਰੀ ਪੰਜਾਬ ਕੋਲ ਸਮੂਹ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀ ਗੱਲ ਸੁਣਨ ਲਈ ਕੋਈ ਟਾਈਮ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਮੂਹ ਪੈਨਸ਼ਨਰ, ਪੰਜਾਬ ਦੇ ਸਮੂਹ ਦਰਜਾ ਚਾਰ ਮੁਲਾਜ਼ਮ ਤੋਂ ਦਰਜਾ ਇੱਕ ਤੱਕ ਦੇ ਅਧਿਕਾਰੀ ਇਸ ਸਮੇਂ ਕੇਂਦਰ ਸਰਕਾਰ ਤੇ ਕਈ ਰਾਜਾਂ ਦੇ ਹੋਰ ਮੁਲਾਜ਼ਮਾਂ ਨਾਲੋਂ 12 ਫ਼ੀਸਦੀ ਮਹਿੰਗਾਈ ਭੱਤਾ ਘੱਟ ਲੈ ਰਹੇ ਹਨ, ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਪੰਜਾਬ ਸਰਕਾਰ ਵੱਲ ਸਾਢੇ ਪੰਜ ਸਾਲਾਂ ਦਾ ਤਨਖਾਹਾਂ, ਪੈਨਸ਼ਨਾਂ ਤੇ ਲੀਵ ਇਨਕੈਸਮੈਂਟ ਦਾ ਬਕਾਇਆ ਪੈਂਡਿੰਗ ਪਿਆ ਹੈ, ਲਗਭਗ ਇੱਕ ਸਾਲ ਪਹਿਲਾਂ ਪੰਜਾਬ ਮੰਤਰੀ ਮੰਡਲ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਦਾ ਫੈਸਲਾ ਅਜੇ ਤੱਕ ਅਮਲੀ ਰੂਪ ਵਿੱਚ ਲਾਗੂ ਨਹੀਂ ਹੋਇਆ, ਪੰਜਾਬ ਸਰਕਾਰ ਨੇ ਅਜੇ ਤੱਕ ਇੱਕ ਵੀ ਠੇਕਾ ਆਧਾਰਤ ਅਤੇ ਆਊਟਸੋਰਸ ਮੁਲਾਜ਼ਮ ਨੂੰ ਪੱਕਾ ਨਹੀਂ ਕੀਤਾ ਤੇ ਨਾ ਹੀ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਅਜੇ ਤੱਕ ਕੋਈ ਵਾਧਾ ਕੀਤਾ ਹੈ।

ਆਸ਼ਾ ਵਰਕਰਾਂ, ਮਿਡ ਡੇ ਮੀਲ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ ਨੂੰ ਘੱਟ ਉਜਰਤਾਂ ਦੇ ਕੇ ਆਰਥਿਕ ਸੋਸ਼ਣ ਕੀਤਾ ਜਾ ਰਿਹਾ ਹੈ ਤੇ ਇਨ੍ਹਾਂ ਨਾਲ ਕੀਤਾ ਇੱਕ ਵੀ ਚੋਣ ਵਾਅਦਾ ਅਜੇ ਤੱਕ ਪੂਰਾ ਨਹੀਂ ਹੋਇਆ। ਆਗੂਆਂ ਨੇ ਭਗਵੰਤ ਮਾਨ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਸਮੂਹ ਪੈਨਸ਼ਨਰਾਂ ਤੇ ਮੁਲਾਜ਼ਮਾਂ ਨਾਲ ਕੀਤੇ ਗਏ ਸਾਰੇ ਵਾਅਦੇ ਪੂਰੇ ਨਾ ਕੀਤੇ ਗਏ ਤਾਂ ਪੰਜਾਬ ਦੇ ਪੈਨਸ਼ਨਰ ਅਤੇ ਮੁਲਾਜ਼ਮ ਪਿਛਲੀਆਂ ਹੁਕਮਰਾਨ ਸਰਕਾਰਾਂ ਵਾਂਗ ਆਮ ਆਦਮੀ ਪਾਰਟੀ ਨੂੰ ਵੀ ਸਬਕ ਸਿਖਾਉਣ ਲਈ ਮਜਬੂਰ ਹੋਣਗੇ।

ਸੁਖਦੇਵ ਸਿੰਘ ਉਰਫ਼ ਵਿੱਕੀ ਖਿਲਾਫ਼ ਮਾਛੀਵਾੜਾ ਥਾਣੇ 'ਚ ਸਨ 7 ਮਾਮਲੇ ਦਰਜ

ਮ੍ਰਿਤਕ ਸੁਖਦੇਵ ਸਿੰਘ ਦੀ ਫਾਈਲ ਫੋਟੋ।

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)

ਬੀਤੀ ਰਾਤ ਮਾਛੀਵਾੜਾ-ਕੁਹਾੜਾ ਰੋਡ 'ਤੇ ਪੈਂਦੇ ਪਿੰਡ ਪੰਜੇਟਾ ਵਿਖੇ ਲੁਧਿਆਣਾ ਪੁਲਿਸ ਨਾਲ ਮੁਕਾਬਲੇ 'ਚ ਮਾਰੇ ਗਏ ਸੁਖਦੇਵ ਸਿੰਘ ਉਰਫ਼ ਵਿੱਕੀ ਦੇ ਅਪਰਾਧਕ ਪਿਛੋਕੜ ਨੂੰ ਦੇਖਦਿਆਂ ਪਤਾ ਚੱਲਦਾ ਹੈ ਕਿ ਉਹ ਪਿਛਲੇ 16 ਸਾਲਾਂ ਦੌਰਾਨ ਇੱਕ ਛੋਟੇ ਜਿਹੇ ਚੋਰ ਤੋਂ ਗੈਂਗਸਟਰ ਬਣ ਗਿਆ। ਇਸ ਦੌਰਾਨ ਉਸ ਨੇ ਕਈ ਤਰ੍ਹਾਂ ਦੀਆਂ ਅਪਰਾਧਿਕ ਘਟਨਾਵਾਂ ਨੂੰ ਅੰਜ਼ਾਮ ਦਿੱਤਾ। ਜਾਣਕਾਰੀ ਮੁਤਾਬਿਕ ਇੱਥੇ ਕੁਹਾੜਾ ਰੋਡ 'ਤੇ ਸਥਿਤ ਇੰਦਰਾ ਕਾਲੋਨੀ ਦੇ ਰਹਿਣ ਵਾਲੇ ਇੱਕ ਗਰੀਬ ਪਰਵਾਰ ਵਿਚ ਬਲਵਿੰਦਰ ਸਿੰਘ ਦੇ ਘਰ ਜਨਮੇ ਸੁਖਦੇਵ ਸਿੰਘ ਉਰਫ਼ ਵਿੱਕੀ 7 ਭਰਾਵਾਂ ਵਿਚ ਸਭ ਤੋਂ ਵੱਡਾ ਸੀ। ਉਸ 'ਤੇ ਸਭ ਤੋਂ ਪਹਿਲਾਂ 21 ਸਤੰਬਰ 2007 ਵਿਚ ਮਾਛੀਵਾੜਾ ਥਾਣਾ ਵਿਚ ਚੋਰੀ ਦਾ ਮਾਮਲਾ ਦਰਜ ਹੋਇਆ। ਉਸ ਤੋਂ ਬਾਅਦ 2008 ਵਿਚ ਉਸ ਕੋਲੋਂ ਨਸ਼ੀਲਾ ਪਦਾਰਥ ਭੁੱਕੀ ਫੜੀ ਗਈ। ਇਨ੍ਹਾਂ ਦੋਵਾਂ ਮਾਮਲਿਆਂ ਵਿਚ ਉਸਨੂੰ ਜੇਲ੍ਹ ਭੇਜਿਆ ਗਿਆ, ਪਰ ਜ਼ਮਾਨਤ 'ਤੇ ਬਾਹਰ ਆ ਗਿਆ। ਇਸ ਤੋਂ ਬਾਅਦ ਉਸਦਾ ਹੌਸਲਾ ਖੁੱਲ੍ਹਦਾ ਗਿਆ ਅਤੇ 2012 ਵਿਚ ਉਸ ਖਿਲਾਫ਼ ਫਿਰ ਚੋਰੀ ਦਾ ਮਾਮਲਾ ਦਰਜ ਹੋਇਆ, ਜਿਸ 'ਤੇ ਉਸ ਨੂੰ 1 ਸਾਲ ਦੀ ਸਜ਼ਾ ਵੀ ਹੋਈ ਅਤੇ ਫਿਰ 2012 ਵਿਚ ਉਸ ਉੱਪਰ ਲੜਾਈ ਝਗੜੇ ਦਾ ਮਾਮਲਾ ਦਰਜ ਹੋਇਆ, ਜਿਸ ਵਿਚ ਉਹ ਬਰੀ ਹੋ ਗਿਆ। 29-10-2012 ਨੂੰ ਉਸ ਖਿਲਾਫ਼ ਚੋਰੀ ਦਾ ਮਾਮਲਾ ਦਰਜ ਹੋਇਆ ਤੇ ਫਿਰ 11-12-2012 ਵਿਚ ਉਸਨੇ ਮੁੜ ਚੋਰੀ ਦੀ ਘਟਨਾ ਨੂੰ ਅੰਜ਼ਾਮ ਦਿੱਤਾ। 2018 ਵਿਚ ਉਹ ਕਿਸੇ ਮਾਮਲੇ ਵਿਚ ਅਦਾਲਤ ਵਲੋਂ ਭਗੌੜਾ ਕਰਾਰ ਦਿੱਤਾ ਗਿਆ ਤੇ ਉਸ ਖਿਲਾਫ਼ ਇੱਕ ਹੋਰ ਮਾਮਲਾ ਦਰਜ ਹੋਇਆ। ਮਾਛੀਵਾੜਾ ਪੁਲਸ ਵਲੋਂ ਜਿੰਨੇ ਵੀ ਉਸ ਖਿਲਾਫ਼ ਮਾਮਲੇ ਦਰਜ ਕੀਤੇ ਗਏ, ਉਸ ਵਿਚ ਉਹ ਗ੍ਰਿਫ਼ਤਾਰ ਕਰ ਲਿਆ ਗਿਆ। ਸੁਖਦੇਵ ਸਿੰਘ ਉਰਫ਼ ਵਿੱਕੀ ਨੇ ਆਪਣੇ 16 ਸਾਲ ਦੇ ਅਪਰਾਧਕ ਸਫ਼ਰ ਵਿਚ ਮਾਛੀਵਾੜਾ ਹੀ ਨਹੀਂ ਲੁਧਿਆਣਾ, ਖੰਨਾ ਅਤੇ ਹੋਰ ਕਈ ਸ਼ਹਿਰਾਂ ਵਿਚ ਲੁੱਟ, ਖੋਹ ਅਤੇ ਕਾਤਲਾਨਾ ਹਮਲੇ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ, ਜਿਸ ਕਾਰਨ ਉਹ ਪੁਲਿਸ ਨੂੰ ਲੋੜੀਂਦਾ ਸੀ, ਪਰ ਬੀਤੀ ਰਾਤ ਉਹ ਪਿੰਡ ਪੰਜੇਟਾ ਨੇੜੇ ਪੁਲਸ ਮੁਕਾਬਲੇ ਵਿਚ ਮਾਰਿਆ ਗਿਆ।

ਗੈਂਗਸਟਰ ਸੁਖਦੇਵ ਸਿੰਘ ਉਰਫ਼ ਵਿੱਕੀ ਜਿੱਥੇ ਵੱਖ-ਵੱਖ ਅਪਰਾਧਿਕ ਮਾਮਲਿਆਂ ਵਿਚ ਸਰਕਾਰੀ ਤੌਰ 'ਤੇ ਮੁਲਜ਼ਮ ਬਣਿਆ ਹੋਇਆ ਸੀ, ਉੱਥੇ ਉਸਨੇ ਸਮਾਜ ਵਿਰੋਧੀ ਇੱਕ ਹੋਰ ਕੰਮ ਕਰ ਦਿੱਤਾ ਸੀ ਕਿ ਉਸ ਨੇ ਆਪਣੀ ਸਕੀ ਭੂਆ ਦੀ ਲੜਕੀ ਨਾਲ ਵਿਆਹ ਕਰਾ ਲਿਆ, ਜਿਸ 'ਤੇ ਉਸਦੇ ਪਿਤਾ ਨੇ ਗੁੱਸੇ ਵਿਚ ਆ ਉਸ ਨੂੰ ਬੇਦਖਲ ਕਰ ਘਰੋਂ ਬਾਹਰ ਕੱਢ ਦਿੱਤਾ ਸੀ। ਮ੍ਰਿਤਕ ਵਿੱਕੀ ਦੇ ਛੋਟੇ ਭਰਾ ਚਰਨਜੀਤ ਸਿੰਘ ਨੇ ਦੱਸਿਆ ਕਿ ਸੁਖਦੇਵ ਸਿੰਘ ਘਰੋਂ ਜਾਣ ਤੋਂ ਬਾਅਦ ਪਿਛਲੇ ਕਈ ਸਾਲ ਤੋਂ ਉਨ੍ਹਾਂ ਦੇ ਸੰਪਰਕ ਵਿਚ ਨਹੀਂ ਸੀ। ਸਿਟੀ ਸ੍ਰੀ ਮੁਕਤਸਰ ਸਾਹਿਬ ਵਿਖੇ ਦਰਜ ਰਜਿਸਟਰ ਕੀਤਾ ਗਿਆ। ਮੁਕੱਦਮੇ ਦੀ ਤਫ਼ਤੀਸ਼ ਡੂਘਾਈ ਨਾਲ ਕਰਦੇ ਹੋਏ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 02 ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ, ਜਿਸ 'ਤੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।ਇਸੇ ਤਰਾਂ ਹੀ ਥਾਣਾ ਬਰੀਵਾਲਾ ਦੀ ਪੁਲਿਸ ਪਾਰਟੀ ਵੱਲੋਂ ਇੱਕ ਕਾਰ ਇਟੀਓਸ ਲੀਵਾ ਰੰਗ ਸਿਲਵਰ ਵਿਚੋਂ ਤਲਾਸ਼ੀ ਦੌਰਾਨ 70 ਗ੍ਰਾਮ ਹੈਰੋਇਨ ਬ੍ਰਾਮਦ ਕਰਨ ਵਿੱਚ ਸਫ਼ਲਤਾ ਹਾਸਿਲ ਕੀਤੀ ਹੈ। ਕਾਬੂ ਕੀਤੇ ਗਏ ਵਿਅਕਤੀ ਦੀ ਪਛਾਣ ਨਵਜੋਤ ਸਿੰਘ ਪੁੱਤਰ ਗੁਰਲਾਲ ਸਿੰਘ ਵਾਸੀ ਖਿੜਕੀਆਂ ਵਜੋਂ ਹੋਈ ਹੈ, ਜਿਸ 'ਤੇ ਪੁਲਸ ਵੱਲੋਂ ਮੁਕੱਦਮਾ ਐਨ.ਡੀ.ਪੀ.ਐਸ. ਐਕਟ ਥਾਣਾ ਬਰੀਵਾਲਾ ਬਰਖਿਲਾਫ਼ ਨਵਜੋਤ ਸਿੰਘ ਪੁੱਤਰ ਗੁਰਲਾਲ ਸਿੰਘ ਖਿੜਕੀਆਂ ਵਾਲਾ ਦਰਜ ਕੀਤਾ ਗਿਆ, ਜਿਸ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

ਕਾਤਰਾਂ

ਸ਼ਹਿਰ ਦੇ ਸਫਾਈ ਕਰਮਚਾਰੀ ਹੜਤਾਲ 'ਤੇ, ਸ਼ਹਿਰ ਵਿੱਚ ਸਫ਼ਾਈ ਵਿਵਸਥਾ ਠੱਪ

ਸਿਰਸਾ (ਸੁਰਿੰਦਰ ਪਾਲ ਸਿੰਘ)-ਸ਼ਹਿਰ ਵਿੱਚ ਕੰਮ ਕਰ ਰਹੇ ਸਾਰੇ ਸਫਾਈ ਕ੍ਰਮਚਾਰੀਆਂ ਦੇ ਹੜਤਾਲ 'ਤੇ ਚਲੇ ਜਾਣ ਕਾਰਨ ਸ਼ਹਿਰ ਵਿੱਚ ਸਫ਼ਾਈ ਵਿਵਸਥਾ ਠੱਪ ਹੋ ਗਈ। ਇਸ ਦੌਰਾਨ ਸਫ਼ਾਈ ਕ੍ਰਮਚਾਰੀਆਂ ਨੇ ਨਗਰ ਕੌਂਸਲ ਤੇ ਦਫ਼ਤਰ ਨੂੰ ਤਾਲਾ ਲਾ ਕੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਿਦਆਂ ਕਿਹਾ ਕਿ ਸਰਕਾਰ ਨੇ ਉਨ੍ਹਾਂ ਨਾਲ ਕੀਤਾ ਵਾਅਦਾ ਤੋੜ ਦਿੱਤਾ ਹੈ।ਸਫ਼ਾਈ ਕ੍ਰਮਚਾਰੀ ਯੂਨੀਅਨ ਦੇ ਆਗੂ ਮਨੋਜ ਅਟਵਾਲ ਨੇ ਕਿਹਾ ਕਿ ਸਫ਼ਾਈ ਕ੍ਰਮਚਾਰੀ ਯੂਨੀਅਨ ਨੇ ਮੰਤਰੀ ਕਮਲ ਗੁਪਤਾ ਨਾਲ 5 ਵਾਰ ਗੱਲਬਾਤ ਕੀਤੀ ਤਾਂ ਉਨ੍ਹਾਂ ਕੱਚੇ ਸਫ਼ਾਈ ਕ੍ਰਮਚਾਰੀਆਂ ਨੂੰ ਪੱਕਾ ਕਰਨ ਦਾ ਭਰੋਸਾ ਦਿੱਤਾ, ਪਰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਕੱਚੇ ਸਫ਼ਾਈ ਕ੍ਰਮਚਾਰੀਆਂ ਨੂੰ ਪੱਕਾ ਨਹੀਂ ਕੀਤਾ ਅਤੇ ਸਫ਼ਾਈ ਕਰਮਚਾਰੀਆਂ ਦੀਆਂ 19 ਮੰਗਾਂ ਦਾ ਪੱਤਰ ਵੀ ਜਾਰੀ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰ ਨੇ ਕਿਹਾ ਸੀ ਕਿ ਨਗਰ ਕੌਂਸਲ ਅਤੇ ਨਗਰ ਪਾਲਿਕਾ ਵਿੱਚ ਠੇਕੇਦਾਰੀ ਸਿਸਟਮ ਖਤਮ ਕਰ ਦਿੱਤਾ ਜਾਵੇਗਾ, ਪਰ ਫਿਰ ਵੀ ਨਗਰ ਕੌਂਸਲ ਅਤੇ ਨਗਰ ਪਾਲਿਕਾ ਵਿੱਚ ਸਫਾਈ ਕਰਮਚਾਰੀ ਠੇਕੇ 'ਤੇ ਕੰਮ ਕਰ ਰਹੇ ਹਨ।ਸਫ਼ਾਈ ਕ੍ਰਮਚਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਨੇ ਸਫ਼ਾਈ ਕ੍ਰਮਚਾਰੀਆਂ ਨੂੰ ਪ੍ਰੋਤਸਾਹਨ ਰਾਸ਼ੀ ਦੇਣ ਦਾ ਐਲਾਨ ਕੀਤਾ ਜੋ ਪੂਰਾ ਨਹੀ ਕੀਤਾ। ਸਫ਼ਾਈ ਕ੍ਰਮਚਾਰੀਆਂ ਨੇ ਕਿਹਾ ਕਿ ਸਿਰਸਾ ਬਹੁਤ ਵੱਡਾ ਸ਼ਹਿਰ ਹੈ ਤੇ ਇਸਦੀ ਸਫਾਈ ਲਈ 600 ਦੇ ਕਰੀਬ ਹੋਰ ਮੁਲਾਜ਼ਮਾਂ ਦੀ ਲੋੜ ਹੈ।

ਨਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਲਿਜਾਣ ਵਾਲੇ ਖਿਲਾਫ਼ ਮਾਮਲਾ ਦਰਜ

ਜਗਰਾਉਂ (ਅਮਿਤ ਖੰਨਾ)-ਅਗਵਾੜ ਡਾਲਾ ਦੇ ਰਹਿਣ ਵਾਲੀ ਇੱਕ ਨਾਬਾਲਗ ਲੜਕੀ ਨੂੰ ਉਸਦੇ ਗੁਆਂਢ ਵਿੱਚ ਰਹਿੰਦੇ ਮੁੰਡੇ ਵੱਲੋਂ ਹੀ ਵਿਆਹ ਦਾ ਝਾਂਸਾ ਦੇ ਕੇ ਤੇ ਵਰਗਲਾ ਕੇ ਲੈ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਐਸਐਚ ਓ ਇੰਸਪੈਕਟਰ ਦਲਜੀਤ ਸਿੰਘ ਤੋਂ ਮਿਲੀ ਜਾਣਕਾਰੀ ਮੁਤਾਬਕ ਅਗਵਾੜ ਡਾਲਾ ਦੇ ਰਹਿਣ ਵਾਲੇ ਇੱਕ ਵਿਅਕਤੀ ਨੇ ਸ਼ਿਕਾਇਤ ਦਿੱਤੀ ਸੀ ਕਿ ਉਸਦੇ ਤਿੰਨ ਬੱਚੇ ਹਨ। ਲੜਕੇ ਵੱਡੇ ਹਨ ਤੇ ਇੱਕ ਲੜਕੀ, ਜਿਸ ਦੀ ਉਮਰ 14 ਸਾਲ ਹੈ, ਜੋ 9 ਕਲਾਸਾਂ ਪਾਸ ਹੈ ਤੇ ਹੁਣ ਬੁਟੀਕ ਦਾ ਕੰਮ ਸਿਖਦੀ ਹੈ, ਦੋ ਦਿਨ ਪਹਿਲਾਂ ਰੋਜ਼ਾਨਾ ਦੀ ਤਰ੍ਹਾਂ ਹੀ ਉਹ ਬੁਟੀਕ ਉੱਤੇ ਗਈ ਸੀ, ਪਰ ਸ਼ਾਮ ਨੂੰ ਉਹ ਘਰ ਵਾਪਸ ਨਹੀਂ ਆਈ ਤਾਂ ਸਾਨੂੰ ਫਿਕਰ ਹੋਣ ਲੱਗਾ, ਅਸੀਂ ਉਸ ਦੀ ਭਾਲ ਕਰਨੀ ਸ਼ੁਰੂ ਕੀਤੀ, ਪਰ ਉਸ ਦਾ ਕੁਝ ਪਤਾ ਨਹੀਂ ਲੱਗਾ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੀ ਲੜਕੀ ਨੂੰ ਪ੍ਰਦੀਪ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਅਗਵਾੜ ਡਾਲਾ, ਜੋ ਉਨ੍ਹ

16-DEC-PAGE-8.qxd 12/15/2023 10:40 PM Page 1

ਮੁੱਖ ਮੰਤਰੀ ਦੀ ਫੇਰੀ ਨਾਲ ਆਮ ਲੋਕ ਹੋਏ ਬਾਗੋਬਾਗ, ਸੁਣੀਆਂ ਮੁਸ਼ਕਲਾਂ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਮੁੱਖ ਮੰਤਰੀ ਭਗਵੰਤ ਮਾਨ ਆਪਣੀ ਹੁਸ਼ਿਆਰਪੁਰ ਫੇਰੀ ਦੌਰਾਨ ਲੱਤਾਂ ਤੋਂ 100 ਫੀਸਦੀ ਅਪਾਹਜ ਹੋ ਚੁੱਕੇ ਰਾਜ ਕੁਮਾਰ ਪਿੰਡ ਅਜੜਾਮ ਨਜ਼ਦੀਕ ਨਸਰਾਲਾ ਜੋ ਕਿ ਉਚੇਚੇ ਤੌਰ 'ਤੇ ਮਿਲੇ ਅਤੇ ਹਾਲ ਚਾਲ ਪੁੱਛਿਆ, ਜਿਸ 'ਤੇ ਰਾਜਕੁਮਾਰ ਨੇ ਉਹਨਾਂ ਨੂੰ ਦੱਸਿਆ ਕਿ ਉਹ ਤਹਿਸੀਲ ਦੇ ਵਿੱਚ ਹੀ ਫੋਟੋ ਸਟੇਟ ਦੀ ਕੈਬਿਨ ਚਲਾਉਂਦੇ ਹਨ ਜੋ ਕਿ ਉਹਨਾਂ ਨੂੰ ਅੰਗਹੀਣ ਹੋਣ ਕਰਕੇ ਹੀ ਅਲਾਟ ਹੋਇਆ ਹੈ ਪਰ ਉਹਨਾਂ ਕੋਲ ਮਾਈਕ ਸਾਧਨ ਨਾ ਹੋਣ ਕਰਕੇ ਉਹ ਆਪਣਾ ਕੰਮ ਵਧਾ ਨਹੀਂ ਸਕੇ ਕੇਵਲ ਇੱਕ ਛੋਟਾ ਜਿਹਾ ਪ੍ਰਿੰਟਰ ਦੇ ਸਹਾਰੇ ਹੀ ਗੁਜਰ ਬਸਰ ਕਰਦੇ ਹਨ। ਰਾਜਕੁਮਾਰ ਨੇ ਦੱਸਿਆ ਕਿ ਉਨਾਂ ਦੇ ਪਰਵਾਰ ਵਿੱਚ ਬਜੁਰਗ ਮਾਤਾ ਪਿਤਾ ਵਿਧਵਾ ਭਰਜਾਈ ਅਤੇ ਉਨਾਂ ਦੇ ਦੋ ਬੇਟਾ ਅਤੇ ਬੇਟੇ ਦੀ ਪਾਲਣ ਪੋਸਣ ਦੀ ਜਿੰਮੇਵਾਰੀ ਉਹਨਾਂ ਦੇ ਸਿਰ 'ਤੇ ਹੈ ਜਿਸ ਕਾਰਨ ਉਹਨਾਂ ਦਾ ਗੁਜਾਰਾ ਬਹੁਤ ਮੁਸ਼ਕਿਲ ਨਾਲ ਹੁੰਦਾ ਹੈ। ਉਨ੍ਹਾਂ ਭਗਵੰਤ ਮਾਨ ਨੂੰ ਦੱਸਿਆ ਕਿ ਉਹ ਆਪਣਾ ਕੰਮ ਵਧਾਉਣ ਲਈ ਕਰਜਾ ਲੈਣ ਵਾਸਤੇ ਬੈਂਕਾਂ ਦੇ ਚੱਕਰ ਕੱਢ ਕੱਢ ਕੇ ਹੰਭ ਗਏ ਹਨ ਪਰ ਉਹਨਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ, ਜਿਸ 'ਤੇ ਮੁੱਖ ਮੰਤਰੀ ਭਰੋਸਾ ਦਵਾਇਆ ਕਿ ਸਰਕਾਰ ਉਹਨਾਂ ਦੀ ਸੰਭਵ ਮਦਦ ਕਰੇਗੀ ਤੇ ਉਹਨਾਂ ਨੂੰ ਕਰਜਾ ਲੈਣ ਦੀ ਲੋੜ ਨਹੀਂ ਪਵੇਗੀ। ਇਸੇ ਤਰ੍ਹਾਂ ਭਗਵੰਤ ਮਾਨ ਨੂੰ ਮਿਲਣ ਵਾਲੇ ਪੰਜਾਬ ਸਟੇਟ ਸੁਵਿਧਾ ਕੇਂਦਰ ਕਰਮਚਾਰੀ ਯੂਨੀਅਨ ਪੰਜਾਬ ਦੇ ਨੁਮਾਇੰਦੇ ਸੰਦੀਪ ਕੁਮਾਰ ਪੁੱਤਰ ਗਿਆਨ ਚੰਦ ਵਾਸੀ ਰਾਮ ਕਲੋਨੀ ਕੈਂਪ ਨੇ ਦੱਸਿਆ ਕਿ

ਉਹ ਪਹਿਲਾਂ ਸੁਵਿਧਾ ਕੇਂਦਰ ਹੁਸ਼ਿਆਰਪੁਰ ਵਿੱਚ ਈ ਗਵਰਨਸ ਸੋਸਾਇਟੀ ਰਾਹੀਂ ਕੱਚੇ ਕਰਮਚਾਰੀ ਦੇ ਤੌਰ 'ਤੇ 2008 ਤੋਂ ਲੈ ਕੇ 2016 ਤੱਕ ਜਾਬ ਕੀਤੀ ਤੇ 2016 ਤੋਂ ਲੈ ਕੇ ਹੁਣ ਤੱਕ ਪੱਕੇ ਹੋਣ ਲਈ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਵਿੱਚ ਕੇਸ ਚਲਦਾ ਸੀ ਜੋ 11 ਦਸੰਬਰ 2023 ਨੂੰ ਖਾਰਜ ਹੋ ਗਿਆ। ਇਸ ਬਾਰੇ ਮੁੱਖ ਮੰਤਰੀ ਨੂੰ ਮਿਲਿਆ ਤੇ ਉਹਨਾਂ ਨੇ ਮੇਰੀ ਗੱਲ ਬਹੁਤ ਵਧੀਆ ਤਰੀਕੇ ਨਾਲ ਸੁਣੀ। ਉਨ੍ਹਾਂ ਭਰੋਸਾ ਦਿੱਤਾ ਕਿ ਤੁਹਾਡਾ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾਊਗਾ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਤੁਹਾਨੂੰ ਹਨੇਰੇ 'ਚ ਰੱਖਿਆ ਪਰ ਸਾਡੀ ਸਰਕਾਰ ਤੁਹਾਨੂੰ ਜਰੂਰ ਇਨਸਾਫ਼ ਦੇਵੇਗੀ। ਮਲਹੋਤਰਾ ਫੋਟੋ ਸਟੇਟ ਦਾ ਕੈਬਿਨ ਚਲਾਉਣ ਵਾਲਿਆਂ ਸੁਮਨ ਪਤਨੀ ਸੁਖਦਰਸ਼ਨ ਮਲਹੋਤਰਾ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ 10 ਸਾਲ ਤੋਂ ਤਹਿਸੀਲ ਕੰਪਲੈਕਸ ਵਿੱਚ ਕੰਮ ਕਰ ਰਹੇ ਹਨ ਪਹਿਲਾਂ ਕੈਬਿਨ ਦਾ ਕਿਰਾਇਆ ਬਹੁਤ ਘੱਟ ਸੀ ਪਰ ਹੁਣ ਕਿਰਾਏ ਵਿੱਚ ਬੇਤਹਾਸ਼ਾ ਵਾਧਾ ਕਰ ਦਿੱਤਾ ਗਿਆ ਹੈ, ਕਿਸੇ ਦਾ 4600 ਤੇ ਕਿਸੇ ਦਾ 6000 ਹੈ। ਸਾਨੂੰ ਕੋਈ ਮੁਸ਼ਕਿਲ ਨਹੀਂ ਸੀ ਆਉਂਦੀ ਪਹਿਲਾਂ ਕੰਮ ਵੀ ਸਹੀ ਤਰੀਕੇ ਨਾਲ ਚਲਦਾ ਸੀ, ਕੋਈ ਹੜਤਾਲ ਨਹੀਂ ਸੀ ਹੁੰਦੀ ਪਰ ਹੁਣ ਤਕਰੀਬਨ ਸਾਲ ਡੇਢ ਸਾਲ ਤੋਂ ਤਕਰੀਬਨ ਰੋਜ਼ਾਨਾ ਹੜਤਾਲ ਰਹਿੰਦੀ ਹੈ। ਪਹਿਲਾਂ ਚਾਰ ਮਹੀਨਿਆਂ ਤੋਂ ਪਟਵਾਰੀਆਂ ਦੀ ਹੜਤਾਲ ਤੇ ਹੁਣ ਤਕਰੀਬਨ ਡੇਢ ਮਹੀਨੇ ਤੋਂ ਕਲਰਕਾਂ ਦੀ ਹੜਤਾਲ ਚਲਦੀ ਹੋਣ ਕਾਰਣ ਸਾਡੇ ਸਾਰੇ ਕੰਮ ਠੱਪ ਹੋਏ ਹੋਏ ਹਨ। ਕੋਈ ਕਿਸੇ ਕਿਸਮ ਦੀ ਸੁਣਵਾਈ ਨਹੀਂ ਹੁੰਦੀ ਜਿਸ 'ਤੇ ਸੀ ਐਮ ਨੇ ਡੀ ਸੀ ਮੈਡਮ ਦੀ ਡਿਊਟੀ ਲਗਾਈ ਕਿ ਇਹਨਾਂ ਨੂੰ ਕਮਾਈ ਦਾ ਸਾਧਨ ਦਵਾਂਗੇ ਤਾਂ ਅੱਗੋਂ ਇਹ ਆਪਣੀ ਕਮਾਈ ਕਰਕੇ ਸਾਨੂੰ ਕਿਰਾਏ ਦੇਣਗੇ। ਜਿੰਨੇ ਵੀ ਦੁਕਾਨਦਾਰ ਨੇ ਸਾਰੇ ਦੁਕਾਨਦਾਰਾਂ ਦੀ ਲਿਖਤੀ ਰੂਪ ਵਿੱਚ ਸੁਣਵਾਈ ਕਰਕੇ ਰਿਪੋਰਟ ਦਿਓ ਤੇ ਮੈਨੂੰ ਉਸ ਗੱਲ ਦਾ ਜਵਾਬ ਦਿਓ ਕਿ ਤੁਸੀਂ ਕਿ ਕਾਰਵਾਈ ਕੀਤੀ।

ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਮਾਣ ਦਿਵਸ ਮਨਾਇਆ

ਅੱਡਾ ਸਰਾਂ (ਜਸਵੀਰ ਕਾਜਲ) ਪਿੰਡ ਬੈਂਚ ਖੁਰਦ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾਕਟਰ ਭੀਮ ਰਾਉ ਅੰਬੇਡਕਰ ਜੀ ਦਾ ਪ੍ਰੀ- ਨਿਰਮਾਣ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਬੀ.ਆਰ ਅੰਬੇਡਕਰ ਫੋਰਸ ਟਾਂਡਾ ਦੇ ਪ੍ਰਧਾਨ ਪ੍ਰੇਮਜੀਤ ਜੌੜਾ ਆਪਣੇ ਸਾਥੀਆਂ ਸਮੇਤ ਪਹੁੰਚੇ ਅਤੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਦਾ ਇਸ ਦੁਨੀਆ ਨੂੰ ਅਲਵਿਦਾ ਕਹਿਣਾ ਸਾਡੇ ਸਮਾਜ ਲਈ ਬਹੁਤ ਵੱਡਾ ਘਾਟਾ ਸੀ ਜੋ ਕਦੇ ਵੀ ਪੂਰਾ ਨਹੀਂ ਹੋ ਸਕਦਾ। ਅਸੀਂ ਉਹਨਾਂ ਦੇ ਪੂਰਿਆਂ 'ਤੇ ਚੱਲਣ ਦੀ ਯਤਨਸ਼ੀਲ ਹਾਂ। ਇਸ ਮੌਕੇ ਇੰਦਰਜੀਤ ਸਿੰਘ ਗ੍ਰੰਥੀ ਸਿੰਘ ਨੇ ਕਿਹਾ ਕੀ ਇਸ ਪ੍ਰੋਗਰਾਮ ਨਾਲ ਅਸੀਂ ਸ਼ੁਰੂਆਤ ਕਰ ਰਹੇ ਹਾਂ ਅੱਗੇ ਤੋਂ ਇਸ ਤੋਂ ਵੱਡੇ ਪ੍ਰੋਗਰਾਮ ਜਲਦ ਹੀ ਉਲੀਕਾਂਗੇ ਜਿਸ ਵਿੱਚ ਪੂਰੇ ਨਗਰ ਦਾ ਸਹਿਯੋਗ ਲੈ ਕੇ ਬਾਬਾ ਸਾਹਿਬ ਦੇ ਜੀਵਨ ਸਬੰਧੀ ਚਾਨਣਾ ਪਾਉਣ ਲਈ ਅੰਬੇਡਕਰੀ ਮਿਸ਼ਨਰੀ ਬੁਲਾਰਿਆਂ ਤੋਂ ਸੰਬੋਧਨ ਕਰਵਾਵਾਂਗੇ। ਰਿਟਾਇਰ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਦੱਸਿਆ ਕਿ ਬਾਬਾ ਸਾਹਿਬ ਅੰਬੇਡਕਰ ਜੀ ਦੇ ਜੀਵਨ ਇਤਿਹਾਸ ਨੂੰ ਜਾਨਣਾ ਤੇ ਪੜ੍ਹਨਾ ਸਮਾਜ ਲਈ ਬਹੁਤ ਜਰੂਰੀ ਹੈ, ਕਿਉਂਕਿ ਇਤਿਹਾਸ ਨੂੰ ਭੁੱਲਣ ਵਾਲੀਆਂ ਕੌਮਾਂ ਜਿਆਦਾ ਚਿਰ ਜਿਉਂਦੀਆਂ ਨਹੀਂ ਰਹਿ ਸਕਦੀਆਂ। ਇਸ ਮੌਕੇ ਸਤਨਾਮ ਸਿੰਘ , ਨਰਿੰਦਰ ਸਿੰਘ, ਬਲਜਿੰਦਰ ਸਿੰਘ, ਸਰਬਜੀਤ ਸਿੰਘ ਚੌਟਾਲਾ, ਰਵਿੰਦਰ ਸਿੰਘ ,ਰਾਜਵੀਰ ਸਿੰਘ ਚੌਟਾਲਾ, ਜਸਵੀਰ ਸਿੰਘ ਬੈਂਚਾਂ ,ਸਹਿਜ ਵੀਰ ਸਿੰਘ , ਪਰਦੀਪ ਸਿੰਘ ਜੌੜਾ, ਡਾ. ਚਰਨਜੀਤ ਸਿੰਘ ਪੜਬੱਗਾ ਕੰਧਾਲਾ ਜੱਟਾਂ , ਅਮਨਦੀਪ ਸਿੰਘ ਆਦਿ ਹਾਜਰ ਸਨ ।

ਭੱਟੀ ਵੱਲੋਂ ਪਿੰਡਾਂ 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਪਿੰਡ ਸੀਤਲਪੁਰ ਵਿਖੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਪਿੰਡ ਵਿੱਚ 10 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਪਾਉਣ ਦੇ ਕੰਮ ਦਾ ਉਦਘਾਟਨ ਕੀਤਾ ਤੇ ਕੰਮ ਸ਼ੁਰੂ ਕਰਵਾਇਆ।ਭੱਟੀ ਨੇ ਕਿਹਾ ਕਿ 'ਆਪ' ਸਰਕਾਰ ਦੀ ਕਾਰਕੁਜ਼ਾਰੀ ਤੋਂ ਲੋਕ ਖ਼ੁਸ਼ ਹਨ। ਸਰਕਾਰ ਵੱਲੋਂ ਚੋਣਾਂ ਮੌਕੇ ਕੀਤੇ ਵਾਅਦੇ ਇੱਕ ਇੱਕ ਕਰ ਕੇ ਪੂਰੇ ਕੀਤਾ ਜਾ ਰਹੇ ਹਨ। ਇਸ ਮੌਕੇ ਬੀ. ਡੀ. ਪੀ. ਓ ਕੁਸ਼ਲ ਕੁਮਾਰ, ਸੈਕਟਰੀ ਹਰਮੀਤ ਸਿੰਘ,ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਸਰਪੰਚ ਲਖਵੀਰ ਕੌਰ, ਲੰਬੜਦਾਰ ਕਿਰਪਾਲ ਸਿੰਘ,ਗੁਰਨਾਮ ਸਿੰਘ,ਬਲਵਿੰਦਰ ਸਿੰਘ ਸਤਨਾਮ ਮਨਕੋਟੀਆ ਤੇ ਪਿੰਡ ਵਾਸੀ ਮੌਜੂਦ ਸਨ।ਇਸੇ ਤਰ੍ਹਾਂ ਹੀ ਪਿੰਡ ਖੋਜਪੁਰ ਵਿਖੇ ਭੱਟੀ ਵੱਲੋਂ 10 ਲੱਖ ਦੀ ਵਿਕਾਸ ਦੇ ਕੰਮਾਂ ਦਾ ਉਦਘਾਟਨ ਕੀਤਾ, ਜਿਸ ਵਿੱਚ ਨਵੀਆਂ ਗਲੀਆਂ, ਸ਼ਮਸ਼ਾਨ ਘਾਟ ਅਤੇ ਕਬਰਿਸਤਾਨ ਦਾ ਕੰਮ ਸ਼ੁਰੂ ਕਰਵਾਇਆ ਗਿਆ।ਭੱਟੀ ਨੇ ਕਿਹਾ ਕਿ ਆਦਮਪੁਰ ਹਲਕਾ ਸਾਡਾ ਆਪਣਾ ਪਰਵਾਰ ਹੈ ਤੇ ਇਸ ਦੇ ਵਿਕਾਸ ਕੰਮਾਂ ਲਈ ਕੰਮ ਕਰਨਾ ਉਹ ਆਪਣੀ ਜਿੰਮੇਵਾਰੀ ਸਮਝਦੇ ਹਨ। ਉਨਾਂ ਕਿਹਾ ਕਿ ਸਾਰੇ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਮੁਕੰਮਲ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਬੀ.ਡੀ.ਪੀ.ਓ ਕੁਸ਼ਲ ਕੁਮਾਰ, ਸੈਕਟਰੀ ਹਰਮੀਤ ਸਿੰਘ, ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਬਲਾਕ ਪ੍ਰਧਾਨ ਪ੍ਰਦੀਪ ਸਿੰਘ, ਸਰਪੰਚ ਅਸ਼ੋਕ ਕੁਮਾਰ,ਬਲਵਿੰਦਰ ਸਿੰਘ, ਸਤਨਾਮ ਸਿੰਘ ਮਨਕੋਟੀਆ ਤੇ ਪਿੰਡ ਵਾਸੀ ਮੌਜੂਦ ਸਨ।

ਹਰਿਆਣਾ 'ਚ ਜਲਦੀ ਹੀ ਏਮਸ ਦਾ ਨੀਂਹ ਪੱਥਰ ਰੱਖਿਆ ਜਾਵੇਗਾ : ਅਨਿਲ ਵਿਜ

ਚੰਡੀਗੜ੍ਹ, (ਕ੍ਰਿਸ਼ਨ ਗਰਗ) ਹਰਿਆਣਾ ਦੇ ਮੈਡੀਕਲ ਸਿਖਿਆ ਅਤੇ ਖੋਜ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਨੇ 1 ਫਰਵਰੀ, 2019 ਨੂੰ ਆਪਣੇ ਬਜਟ ਭਾਸ਼ਨ ਵਿਚ ਹਰਿਆਣਾ ਰਾਜ ਵਿਚ ਦੇਸ਼ ਦੇ 22ਵੇਂ ਏਮਸ ਦੀ ਸਥਾਪਨਾ ਦਾ ਐਲਾਨ ਕੀਤਾ ਸੀ ਅਤੇ ਜਲਦੀ ਹੀ ਹਰਿਆਣਾ ਵਿਚ ਏਮਸ ਦਾ ਨੀਂਹ ਪੱਥਰ ਰੱਖਿਆ ਜਾਵੇਗਾ। ਵਿਜ ਇੱਥੇ ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਇਕ ਸੁਆਲ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਨੇ ਏਮਸ ਰਿਵਾੜੀ ਦੇ ਨਿਰਮਾਣ ਲਈ 203 ਏਕੜ 3 ਕਨਾਲ 5 ਮਰਲਾ ਜਮੀਨ 40 ਲੱਖ ਪ੍ਰਤੀ ਏਕੜ ਦੀ ਦਰ ਨਾਲ ਖਰੀਦ ਕੀਤੀ ਹੈ ਅਤੇ ਸਿਹਤ ਅਤੇ ਪਰਵਾਰ ਭਲਾਈ ਮੰਤਰਾਲੇ, ਭਾਰਤ ਸਰਕਾਰ ਨੂੰ ਪੱਟੇ 'ਤੇ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਏਚਏਲਏਲ ਇੰਫ੍ਰਾ ਟੇਕ ਸਰਵਿਸੇਜ ਲਿਮੀਟੇਡ ਨੂੰ ਨਿਰਮਾਣ ਸਥਾਨ 'ਤੇ ਪੂਰਵ-ਨਿਵੇਸ਼ ਗਤੀਵਿਧੀਆਂ ਲਈ 28.11.2022 ਨੂੰ ਸਿਹਤ ਅਤੇ ਪਰਵਾਰ ਭਲਾਈ ਮੰਤਰਾਲੇ ਭਾਰਤ ਸਰਕਾਰ ਵੱਲੋਂ ਨਿਯੁਕਤ ਕੀਤਾ ਗਿਆ ਹੈ ਅਤੇ ਨਿਰਮਾਣ ਕੰਮ ਜਲਦੀ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਡੇਰਾ ਬਾਬਾ ਦੁੱਧਾਧਾਰੀ ਫਰਾਲਾ ਵਿਖੇ ਸਮਾਗਮ 20-21 ਨੂੰ

ਬਹਿਰਾਮ (ਅਵਤਾਰ ਕਲੇਰ) ਡੇਰਾ ਬਾਬਾ ਦੁੱਧਾਧਾਰੀ ਮਹੰਤ ਗੁਰਬਚਨ ਦਾਸ ਨਗਰ (ਫਰਾਲਾ) ਵਿਖੇ ਮਹੰਤ ਗੁਰਬਚਨ ਦਾਸ ਜੀ ਦਾ 99ਵਾਂ ਜਨਮ ਦਿਨ 20- 21 ਦਸੰਬਰ ਨੂੰ ਡੇਰੇ ਵਿਖੇ ਧਾਰਮਿਕ ਸਮਾਗਮ ਕਰਕੇ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੱਦੀ ਨਸ਼ੀਨ ਸੰਤ ਪ੍ਰੇਮ ਦਾਸ ਨੇ ਦੱਸਿਆ ਕਿ ਸ਼੍ਰੀ ਭਗਵਤ ਗੀਤਾ ਦੇ ਪਾਠ ਉਪਰੰਤ ਭੋਗ ਪਾਏ ਜਾਣਗੇ। ਵੱਖ- ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਕਲਾਕਾਰ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ।

ਗੁਰਦੁਆਰਾ ਬਾਉਲੀ ਸਾਹਿਬ ਵਿਖੇ ਜਪ ਤਪ ਚੌਪਹਿਰਾ ਸਮਾਗਮ ਭਲਕੇ

ਫਿਲੌਰ, (ਨਿਰਮਲ) ਸਥਾਨਕਗੁਰਦੁਆਰਾ ਬਾਉਲੀ ਸਾਹਿਬ ਵਿਖੇ ਜਪ ਤਪ ਚੌਪਹਿਰਾ ਸਮਾਗਮ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਰਧਾ ਨਾਲ 17 ਦਸੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਧੰਨ ਧੰਨ ਬਾਬਾ ਬੁੱਢਾ ਜੀ ਸੇਵਾ ਸਿਮਰਨ ਸੁਸਾਇਟੀ ਲੁਧਿਆਣਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਘਨ੍ਹਈਆ ਜੀ ਸੇਵਾ ਸਿਮਰਨ ਸੁਸਾਇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਜਨ ਤਪ ਚੌਪਹਿਰਾ ਸਮਾਗਮ 17 ਦਸੰਬਰ ਦਿਨ ਐਤਵਾਰ ਨੂੰ 12 ਵਜੇ ਤੋਂ 4 ਵਜੇ ਤੱਕ ਕਰਵਾਇਆਂ ਜਾਵੇਗਾ। ਸਮਾਗਮ ਦੌਰਾਨ ਦੌਰਾਨ ਮਾਤਾ ਵਿਪਨਦੀਪ ਕੌਰ, ਮਾਤਾ ਰਜਿੰਦਰ ਕੌਰ , ਭਾਈ ਓਮਪ੍ਰੀਤ ਸਿੰਘ ਹਜੂਰ ਸਾਹਿਬ ਵਾਲੇ ਗੁਰੂ ਚਰਨਾਂ 'ਚ ਹਾਜਰੀ ਲਗਾਉਣਗੇ ਅਤੇ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਨਗੇ। ਇਸ ਸਮਾਗਮ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਉਲੀ ਸਾਹਿਬ, ਇਸਤਰੀ ਸਤਿਸੰਗ ਸਭਾ ਫਿਲੌਰ, ਸੁਖਮਨੀ ਸਾਹਿਬ ਸਿਮਰਨ ਸੇਵਾ ਸੁਸਾਇਟੀ , ਮੀਰੀ ਪੀਰੀ ਸੇਵਕ ਸਭਾ ਫਿਲੌਰ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫਿਲੌਰ ਅਤੇ ਹੋਰਾਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦਾ ਵਿਸ਼ੇਸ਼ ਸਹਿਯੋਗ ਹੋਵੇਗਾ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

ਦਬੋਟਾ ਬੈਰੀਅਰ ਪੁਆਇੰਟ ਪੁਲ ਚਾਲੂ ਕਰਨ 'ਚ ਸਰਕਾਰਾਂ ਨਾਕਾਮ : ਗੌਰਵ ਰਾਣਾ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਬੇਸ਼ੱਕ ਕੇਂਦਰ ਦੀ ਭਾਜਪਾ ਤੇ ਹਿਮਾਚਲ ਦੀ ਕਾਂਗਰਸ ਸਰਕਾਰ ਰੋਜਾਨਾ ਵੱਡੇ ਵੱਡੇ ਪ੍ਰੋਜੈਕਟਾਂ ਦਾ ਐਲਾਨ ਕਰ ਰਹੀਆਂ ਹਨ ਪਰ ਪੰਜਾਬ ਤੇ ਹਿਮਾਚਲ ਨੂੰ ਜੋੜਨ ਵਾਲੇ ਪ੍ਰਮੁੱਖ ਦਬੋਟਾ ਬੈਰੀਅਰ ਪੁਆਇੰਟ ਉੱਤੇ ਬੀਤੇ ਕਈ ਮਹੀਨੇ ਪਹਿਲਾਂ ਪੁਲ ਵਿੱਚ ਦਰਾਰਾਂ ਆਉਣ ਕਾਰਨ ਬੰਦ ਕੀਤੇ ਗਏ ਪੁੱਲ ਨੂੰ ਚਲਾਉਣ ਵਿੱਚ ਦੋਨੋਂ ਸਰਕਾਰਾਂ ਨਕਾਮ ਸਿੱਧ ਹੋ ਰਹੀਆਂ ਹਨ। ਜਿਸ ਕਾਰਨ ਪੁਲ ਬੰਦ ਹੋਣ ਦੇ ਮੱਦੇ ਨਜਰ ਹਜਾਰਾਂ ਨੌਜਵਾਨ ਤੇ ਆਮ ਲੋਕ ਨਿਤ ਖੱਜਲ ਖੁਆਰ ਹੋ ਰਹੇ ਹਨ। ਇਥੇ ਗੱਲਬਾਤ ਕਰਦਿਆਂ ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ ਨੇ ਕਿਹਾ ਕੀ ਸਾਡੀ ਜਾਣਕਾਰੀ ਮੁਤਾਬਿਕ ਪੁੱਲ ਦਾ ਜਿਹੜਾ ਸਪਾਈਨ ਟੁੱਟਿਆ ਹੋਇਆ ਹੈ ਉਹ ਹਿਮਾਚਲ ਦੇ ਸਰਹੱਦੀ ਏਰੀਆ ਵਿੱਚ ਆਉਂਦਾ ਹੈ। ਪਰ ਹਿਮਾਚਲ ਦੀ ਸਰਕਾਰ ਸਮੇਤ ਕੇਂਦਰ ਦੀ ਸਰਕਾਰ ਇਸ ਮਾਮਲੇ ਵਿੱਚ ਲਾਪਰਵਾਹੀ ਭਰਿਆ ਰੋਲ ਅਦਾ ਕਰ ਰਹੀ ਹੈ। ਜਿਸ ਕਾਰਨ ਲੋਕਾਂ ਨੂੰ ਰੋਜਾਨਾ ਲੰਬਾ ਗੇੜ ਕੱਢ ਕੇ ਨਾਲਾਗੜ੍ਹ ਤੇ ਬੱਦੀ ਲਈ ਰਵਾਨਾ ਹੋਣਾ ਪੈਂਦਾ ਹੈ। ਉਹਨਾਂ ਨੇ ਕਿਹਾ ਕਿ ਪੁਲ ਦੇ ਇਸ ਸਪਾਈਨਾ ਨੂੰ ਲੈ ਕੇ ਦੋਨਾਂ ਸੂਬਿਆਂ ਦੀ ਸਰਕਾਰਾਂ ਨੂੰ ਵੀ ਸਥਿਤੀ ਸਪਸਟ ਕਰਨੀ ਚਾਹੀਦੀ ਹੈ ਕਿ ਇਹ ਨਿਰਮਾਣ ਕਾਰਜ ਦਾ ਜਿੰਮਾ ਕਿਸ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਗੌਰਵ ਰਾਣਾ ਨੇ ਕਿਹਾ ਕਿ ਜੇਕਰ ਇਹ ਸਰਕਾਰਾਂ ਆਮ ਲੋਕਾਂ ਦੀ ਸਮੱਸਿਆ ਦਾ ਹੱਲ ਨਹੀਂ ਕਰ ਸਕਦੀਆਂ ਤਾਂ ਇਹਨਾਂ ਨੂੰ ਹੱਥ ਖੜੇ ਕਰ ਦੇਣੇ ਚਾਹੀਦੇ ਹਨ ਤਾਂ ਕਿ ਕੋਈ ਕਾਰ ਸੇਵਾ ਵਾਲੀ ਸੰਸਥਾ ਇਸ ਪੁੱਲ ਦਾ ਸਪਾਈਨ ਬਣਾ ਸਕੇ। ਰਾਣਾ ਨੇ ਕਿਹ

16-DEC-PAGE-9.qxd 12/15/2023 10:39 PM Page 1

37ਵੇਂ ਦਿਨ ਵੀ ਹੜਤਾਲ ਜਾਰੀ

ਸਮੂਹਿਕ ਛੁੱਟੀ ਦੌਰਾਨ ਦਫਤਰਾਂ 'ਚ ਪਸਰਿਆ ਸੰਨਾਟਾ

ਕਪੂਰਥਲਾ (**ਪ੍ਰੀਤ ਸੰਗੋਜਲਾ**) ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਦੀ ਪੰਜਾਬ ਸਰਕਾਰ ਨਾਲ ਮਿਤੀ 05-12-2023 ਦੀ ਮੀਟਿੰਗ ਬੇਸਿੱਟਾ ਰਹਿਣ ਮਗਰੋਂ ਰੋਹ ਵਿੱਚ ਆਉਂਦਿਆਂ ਕਲਮਛੋੜ ਹੜਤਾਲ ਨੂੰ ਮਿਤੀ 15-12-23 ਨੂੰ 37ਵੇਂ ਦਿਨ ਵੀ ਜਾਰੀ ਰੱਖਦੇ ਹੋਏ ਸਮੂਹ ਦਫਤਰਾਂ ਦੇ ਕੈਲਰੀਕਲ ਸਟਾਫ ਵੱਲੋਂ ਮਿਤੀ 14-12-23 ਤੋਂ 15-12-2023 ਤੱਕ ਸਮੂਹਕ ਛੁੱਟੀਆਂ ਲੈਣ ਕਾਰਨ ਦਫਤਰਾਂ ਵਿੱਚ ਸਨਾਟਾ ਪਸਰਿਆ ਰਿਹਾ ਕਿਸੇ ਵੀ ਦਫਤਰ ਵਿੱਚ ਕੋਈ ਕੈਲਰੀਕਲ ਜਮਾਤ ਦਾ ਸਾਥੀ ਹਾਜਰ ਨਾ ਹੋਣ ਕਾਰਨ ਸਮੂਹ ਦਫਤਰੀ ਕੰਮ ਪ੍ਰਭਾਵਿਤ ਹੋਏ ਪਏ ਹਨ ਪਰੰਤੂ ਪੰਜਾਬ ਸਰਕਾਰ ਨੇ ਹਾਲੇ ਤੱਕ ਇਸ ਹੜਤਾਲ ਨੂੰ ਖਤਮ ਕਰਵਾਉਣ ਲਈ ਕੋਈ ਯਤਨ ਨਹੀ ਕੀਤਾ। ਇਸ ਦੌਰਾਨ ਪੀ.ਐਸ.ਐਮ.ਐਸ.ਯੂ. ਦੀ ਜ਼ਿਲ੍ਹਾ ਕਪੂਰਥਲਾ ਦੀ ਜਥੇਬੰਦੀ ਵੱਲੋਂ ਜ਼ਿਲ੍ਹਾ ਕਪੂਰਥਲਾ ਦੇ ਵੱਡੀ ਗਿਣਤੀ ਵਿੱਚ ਮਨਿਸਟੀਰੀਅਲ ਕਾਮਿਆਂ ਨਾਲ ਜ਼ਿਲ੍ਹਾ ਡਿਪਟੀ ਕਮਿਸ਼ਨਰ ਦਫਤਰ ਅੱਗੇ ਧਰਨਾ ਦੇ ਕੇ ਸਰਕਾਰ ਖਿਲਾਫ ਰੋਸ ਮੁਜਾਹਰਾ ਕੀਤਾ ਗਿਆ। ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਗਤ ਰਾਮ ਜ਼ਿਲ੍ਹਾ ਪ੍ਰਧਾਨ, ਵਿਨੋਦ ਕੁਮਾਰ ਬਾਵਾ ਜ਼ਿਲ੍ਹਾ ਜਨਰਲ ਸਕੱਤਰ, ਨਰਿੰਦਰ ਸਿੰਘ ਚੀਮਾਂ ਜ਼ਿਲ੍ਹਾ ਚੇਅਰਮੈਨ ਨੇ ਦੱਸਿਆ ਕਿ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਦੀਆਂ ਵੋਟਾਂ ਲੈ ਕੇ ਬਣੀ ਸਰਕਾਰ ਅੱਜ ਹਰ ਵਾਅਦੇ ਤੋਂ ਭੱਜ ਗਈ ਹੈ। ਆਮ ਲੋਕ ਖੱਜਲ ਖੁਆਰ ਹੋ ਰਹੇ ਹਨ ਅਤੇ ਸਰਕਾਰ ਦੀਆਂ ਮਾੜੀਆਂ ਨੀਤੀਆਂ ਦਿਨ ਬ ਦਿਨ ਸਪੱਸ਼ਟ ਹੋ ਰਹੀਆਂ ਹਨ। ਕਪੂਰਥਲਾ ਹਲਕੇ ਦੇ ਐਮ ਐਲ ਏ ਰਾਣਾ ਗੁਰਜੀਤ ਸਿੰਘ ਆਪਣੇ ਸਾਥੀਆਂ ਨਾਲ ਵਿਸ਼ੇਸ਼ ਤੌਰ 'ਤੇ ਹਾਜਰ ਹੋਏ ਅਤੇ ਉਹਨਾਂ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਮੁਲਾਜਮਾਂ ਦੀਆਂ ਮੰਗਾ ਬਿਲਕੁਲ ਜਾਇਜ ਹਨ ਪੰਜਾਬ ਸਰਕਾਰ ਨੂੰ ਮੁਲਾਜਮਾਂ ਨਾਲ ਕੀਤੇ ਵਾਅਦੇ ਤੁਰੰਤ ਪੂਰੇ ਕਰਨੇ ਚਾਹੀਦੇ ਹਨ। ਐਕਸ਼ਨ ਵਿੱਚ ਸੀਨੀਅਰ ਮੀਤ ਪ੍ਰਧਾਨ ਮਨਦੀਪ ਸਿੰਘ, ਮਹਿਲਾ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਮੈਡਮ ਸਰਿਤਾ ਬਹਿਲ, ਸਪੁਰਡੈਂਟ ਹਰਮਿੰਦਰ ਕੁਮਾਰ, ਪੀ ਡਬਲਿਊ ਡੀ ਦੇ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ, ਸਿਹਤ ਵਿਭਾਗ ਦੇ ਜ਼ਿਲ੍ਹਾ ਪ੍ਰਧਾਨ ਪਵਨਦੀਪ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਐਜਬ ਸਿੰਘ, ਐਡੀਸ਼ਨਲ ਜਨਰਲ ਸਕੱਤਰ ਸੁਖਜਿੰਦਰ ਸਿੰਘ, ਆਈ ਟੀ ਸੈਲ ਇੰਚਾਰਜ ਯੋਗੇਸ਼ ਤਲਵਾੜ,,ਨਿਤਿਨ ਸ਼ਰਮਾ, ,ਕੁਲਜੀਤ ਸਿੰਘ, ਤੇਜਵੰਤ ਸਿੰਘ, ਸੂਰਜ, ਦਲਜੀਤ ਸਿੰਘ, ਰਾਜਬੀਰ ਕੌਰ, ਸੰਤੋਖ ਕੁਮਾਰੀ, ਵਨੀਤਾ ਮਲਹੋਤਰਾ, ਨਿਸ਼ਾ ਤਲਵਾੜ, ਇੰਦੂ ਬਾਲਾ, ਸ਼ਾਲੂ ਰਾਣੀ, ਪ੍ਰਭਜੋਤ ਕੌਰ, ਬਲਜੀਤ ਕੌਰ, ਰਜਨੀ, ਬਲਵਿੰਦਰ ਕੌਰ,ਲਵਲੀਨ ਕੌਰ, ਆਸ਼ਾ ਰਾਣੀ, ਪੂਜਾ, ਜਸਦੀਪ ਕੌਰ, ਮਨੀਸ਼ ਕੁਮਾਰ ਹਾਜਰ ਸਨ।

ਸਿਹਤ ਕਰਮਚਾਰੀਆਂ ਨੂੰ ਹੈਲਥ ਮੈਨੇਜਮੈਂਟ ਸਾਫਟਵੇਅਰ ਦੀ ਸਿਖਲਾਈ ਦਿੱਤੀ

ਆਦਮਪੁਰ (**ਪਰਮਜੀਤ ਸਿੰਘ**)—ਸੀਐਚਸੀ ਆਦਮਪੁਰ ਵਿਖੇ ਸਿਹਤ ਕਰਮਚਾਰੀਆਂ ਨੂੰ ਸਿਹਤ ਸਹੂਲਤਾਂ ਵਿੱਚ ਸੁਧਾਰ ਅਤੇ ਲਾਭਪਾਤਰੀਆਂ ਦੇ ਡੇਟਾ ਦਾ ਵਧੀਆ ਪ੍ਰਬੰਧਨ ਕਰਨ ਲਈ ਸਿਖਲਾਈ ਦਿੱਤੀ ਗਈ। ਸਿਵਲ ਸਰਜਨ ਡਾ. ਰਮਨ ਸ਼ਰਮਾ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਨਿਗਰਾਨ ਅਤੇ ਮੁਲਾਂਕਣ ਅਫ਼ਸਰ ਰੋਹਿਤ ਠਾਕੁਰ ਅਤੇ ਜ਼ਿਲ੍ਹਾ ਕਮਿਊਨਿਟੀ ਮੋਬੀਲਾਈਜ਼ਰ ਇੰਦਰਜੀਤ ਸਿੰਘ ਭੁੱਲਰ ਨੇ ਸਟਾਫ਼ ਨੂੰ ਹੈਲਥ ਮੈਨੇਜਮੈਂਟ ਇਨਫਰਮੇਸ਼ਨ ਸਿਸਟਮ ਸਾਫ਼ਟਵੇਅਰ ਬਾਰੇ ਸਿਖਲਾਈ ਦਿੱਤੀ ਅਤੇ ਇਸ ਵਿੱਚ ਕੀਤੇ ਗਏ ਅੱਪਡੇਟ ਬਾਰੇ ਦੱਸਿਆ।ਸੀਨੀਅਰ ਮੈਡੀਕਲ ਅਫ਼ਸਰ ਡਾ. ਕਮਲਜੀਤ ਕੌਰ ਨੇ ਦੱਸਿਆ ਕਿ ਇਸ ਸਾਫ਼ਟਵੇਅਰ ਰਾਹੀਂ ਜੱਚਾ-ਬੱਚਾ ਦੀ ਸਿਹਤ ਸਬੰਧੀ ਡਾਟਾ, ਬਿਮਾਰੀਆਂ ਅਤੇ ਟੀਕਾਕਰਨ ਸਮੇਤ ਵੱਖ-ਵੱਖ ਤਰ੍ਹਾਂ ਦਾ ਡਾਟਾ ਆਨਲਾਈਨ ਰੱਖਿਆ ਜਾਂਦਾ ਹੈ। ਇਸ ਨਾਲ ਬਲਾਕ ਦੇ ਵੱਖ-ਵੱਖ ਪਿੰਡਾਂ ਵਿੱਚ ਸਿਹਤ ਸਹੂਲਤਾਂ ਦੇ ਪੱਧਰ ਅਤੇ ਲੋਕਾਂ ਵੱਲੋਂ ਪ੍ਰਾਪਤ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਅੰਕੜੇ ਉਪਲਬਧ ਹੁੰਦੇ ਹਨ ਅਤੇ ਇਸ ਨਾਲ ਭਵਿੱਖ ਦੀਆਂ ਯੋਜਨਾਵਾਂ ਬਣਾਉਣ ਵਿੱਚ ਮਦਦ ਮਿਲਦੀ ਹੈ। ਸਿਖਲਾਈ ਦੌਰਾਨ ਬੀਈਈ ਚੰਦਨ ਮਿਸ਼ਰਾ, ਬੀਐਸਏ ਹਰੀਸ਼ ਕੁਮਾਰ ਅਤੇ ਸਟਾਫ਼ ਹਾਜ਼ਰ ਸੀ।

ਲੜਕੀਆਂ ਦੇ ਰਾਸ਼ਟਰੀ ਉੱਤਰੀ ਜ਼ੋਨ ਸਕੂਲ ਬੈਂਡ ਮੁਕਾਬਲਿਆਂ ਦੀ ਸ਼ੁਰੂਆਤ

ਐੱਸ.ਏ.ਐੱਸ.ਨਗਰ (**ਗੁਰਜੀਤ ਬਿੱਲਾ**)—ਸਕੂਲ ਸਿੱਖਿਆ ਵਿਭਾਗ ਪੰਜਾਬ ਵਲੋਂ ਸਕੂਲ ਸਿੱਖਿਆ ਤੇ ਸਾਖ਼ਰਤਾ ਵਿਭਾਗ ਭਾਰਤ ਸਰਕਾਰ ਦੇ ਸਹਿਯੋਗ ਨਾਲ ਇਨਫੈਂਟ ਜੀਸਸ ਕਾਨਵੈਂਟ ਸਕੂਲ, ਸੈਕਟਰ 65, ਐੱਸ.ਏ.ਐੱਸ.ਨਗਰ ਵਿਖੇ ਕਰਵਾਏ ਜਾ ਰਹੇ ਰਾਸ਼ਟਰੀ ਉੱਤਰੀ ਜ਼ੋਨ ਸਕੂਲ ਬੈਂਡ ਮੁਕਾਬਲਿਆਂ ਦੌਰਾਨ ਲੜਕੀਆਂ ਦੇ ਮੁਕਾਬਲੇ ਸ਼ੁਰੂ ਹੋਏ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਰਾਜਾਂ ਦੀਆਂ ਲੜਕੀਆਂ ਦੀਆਂ ਪਾਈਪ ਤੇ ਬਰਾਸ ਬੈਂਡ ਟੀਮਾਂ ਭਾਗ ਲੈ ਰਹੀਆਂ ਹਨ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਵਿੱਚ ਸ਼ੁਰੂ ਹੋਏ ਲੜਕੀਆਂ ਦੇ ਬੈਂਡ ਮੁਕਾਬਲਿਆਂ ਦਾ ਉਦਘਾਟਨ ਮਾਨਯੋਗ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਨੇ ਕੀਤਾ ਜਦਕਿ ਇਸ ਉਦਘਾਟਨ ਸਮਾਗਮ ਦੀ ਪ੍ਰਧਾਨਗੀ ਡਾਇਰੈਕਟਰ ਐੱਸ.ਸੀ.ਈ.ਆਰ.ਟੀ ਅਭਿਕੇਸ਼ ਗੁਪਤਾ ਨੇ ਕੀਤੀ। ਯਾਦਵ ਨੇ ਸ਼ਮ੍ਹਾਂ ਰੋਸ਼ਨ ਕਰਕੇ ਲੜਕੀਆਂ ਦੇ ਬੈਂਡ ਮੁਕਾਬਲਿਆਂ ਦਾ ਉਦਘਾਟਨ ਕੀਤਾ। ਉਨ੍ਹਾਂ ਮੁਕਾਬਲਿਆਂ ਦੇ ਆਗਾਜ਼ ਦਾ ਸੁਨੇਹਾ ਦੇਣ ਲਈ ਅਸਮਾਨ ਵਿੱਚ ਗੁਬਾਰੇ ਵੀ ਛੱਡੇ। ਉਦਘਾਟਨ ਸਮਾਗਮ ਨੂੰ ਸੰਬੋਧਨ ਕਰਦਿਆਂ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਨੇ ਆਪਣੇ ਕਿਹਾ ਕਿ ਕੇਵਲ ਕਿਤਾਬੀ ਗਿਆਨ ਦੇਣਾ ਹੀ ਸਿੱਖਿਆ ਦਾ ਮਨੋਰਥ ਨਹੀਂ ਸਗੋਂ ਬੱਚਿਆਂ ਦਾ ਸਰਬਪੱਖੀ ਵਿਕਾਸ ਕਰਨਾ ਇਸ ਦਾ ਅਸਲ ਮਨੋਰਥ ਹੈ। ਉਨ੍ਹਾਂ ਕਿਹਾ ਕਿ ਬੈਂਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਵਿਦਿਆਰਥਣਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀ ਗਤੀਵਿਧੀਆਂ ਵਿੱਚ ਭਾਗ ਲੈਣਾ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਜੀਵਨ ਤੋਂ ਹੀ ਬੱਚਿਆਂ ਅੰਦਰ ਕਲਾ ਦੇ ਹੋਣ ਦੇ ਨਾਨ-ਨਾਲ ਉਨ੍ਹਾਂ ਅੰਦਰ ਮਿਹਨਤ ਦੀ ਆਦਤ ਤੇ ਜਨੂਨ ਹੋਣਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਵੱਖ-ਵੱਖ ਰਾਜਾਂ ਤੋਂ ਆਈਆਂ ਲੜਕੀਆਂ ਦੀਆਂ ਬੈਂਡ ਟੀਮਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਹੋਰਨਾਂ ਵਿਦਿਆਰਥੀਆਂ ਲਈ ਰਾਹ ਦਸੇਰਾ ਬਣਨ ਦੀ ਅਪੀਲ ਕੀਤੀ। ਸਹਾਇਕ ਡਾਇਰੈਕਟਰ ਐੱਸ.ਸੀ.ਈ.ਆਰ.ਟੀ ਸ਼ਰੁਤੀ ਸ਼ੁਕਲਾ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਡਾ: ਗਿੰਨੀ ਦੁੱਗਲ ਨੇ ਦੱਸਿਆ ਕਿ ਸ਼ੁਰੂ ਹੋਏ ਲੜਕੀਆਂ ਦੇ ਬਰਾਸ ਤੇ ਪਾਈਪ ਬੈਂਡ ਮੁਕਾਬਲਿਆਂ ਵਿੱਚ ਉੱਤਰੀ ਭਾਰਤ ਦੇ ਪੰਜਾਬ, ਹਰਿਆਣਾ, ਜੰਮੂਲੂ-ਕਸ਼ਮੀਰ,ਉੱਤਰਾਖੰਡ,ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼, ਬਿਹਾਰ , ਲੱਦਾਖ਼, ਦਿੱਲੀ ਰਾਜਾਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਇਸ ਮੌਕੇ ਪ੍ਰੋਗਰਾਮ ਕੋਆਰਡੀਨੇਟਰ ਗੁਰਵੀਰ ਕੌਰ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਅੰਗਰੇਜ਼ ਸਿੰਘ,ਜ਼ਿਲ੍ਹਾ ਸਪੋਰਟਸ ਕੁਆਰਡੀਨੇਟਰ ਇੰਦੂ ਬਾਲਾ ਤੋਂ ਇਲਾਵਾ ਬੰਦਨਾ ਪੁਰੀ ਮੁੰਧੋਂ ਸੰਗਤੀਆਂ,ਚਰਨਜੀਤ ਕੌਰ ਕੁਰਾਲੀ, ਸੁਹਿੰਦਰ ਕੌਰ ਹੁਸ਼ਿਆਰਪੁਰ, ਸੰਧਿਆ ਸ਼ਰਮਾ, ਹਿਮਾਂਸ਼ੂ ਲਟਾਵਾ, ਡਾ: ਅਮਰਬੀਰ ਸਿੰਘ, ਸ਼ਲੰਦਰ ਸਿੰਘ ਆਦਿ ਤੋਂ ਇਲਾਵਾ ਸਿੱਖਿਆ ਵਿਭਾਗ ਦੇ ਅਧਿਕਾਰੀ, ਟੀਮਾਂ ਨਾਲ ਆਏ ਇੰਚਾਰਜ਼ ਸਾਹਿਬਾਨ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਸਿੱਖ ਪ੍ਰਚਾਰਕ ਬੀਬੀ ਬਲਵੀਰ ਕੌਰ ਸਨਮਾਨਤ

ਹੁਸ਼ਿਆਰਪੁਰ (**ਬਲਵੀਰ ਸਿੰਘ ਸੈਣੀ**)-ਲਾਇਨਜ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾਂ ਕੋਹਿਨੂਰ 321 ਡੀ ਵੱਲੋਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅਤੇ ਲੋਕਾਂ ਦੇ ਘਰਾਂ ਅੰਦਰ ਗੁਰਬਾਣੀ ਪ੍ਰਚਾਰ ਲਈ ਨਿਭਾਈਆਂ ਸ਼ਾਨਦਾਰ ਨਿਸ਼ਕਾਮ ਸੇਵਾਵਾਂ, ਸਰਬ ਸਾਂਝੀਵਾਲਤਾ ਦੇ ਸੰਦੇਸ਼ ਦਾ ਪ੍ਰਚਾਰ ਕਰਨ ਲਈ, ਮਨੁੱਖੀ ਕਦਰਾਂ ਕੀਮਤਾਂ ਨੂੰ ਉਚਾ ਚੁੱਕਣ ਲਈ ਕੀਤੇ ਉਪਰਾਲੇ ਦੇ ਸਤਿਕਾਰ ਵਜੋਂ ਸਿੱਖ ਪ੍ਰਚਾਰਕ ਬੀਬੀ ਬਲਵੀਰ ਕੌਰ ਨੂੰ ਸਿਰੋਪਾਓ ਅਤੇ ਸਨਮਾਨ ਪੱਤਰ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਕਲੱਬ ਦੇ ਪ੍ਰਧਾਨ ਲਾਇਨ ਡਾ: ਮੁਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ, ਲਾਇਨ ਲੇਡੀ ਡਾਕਟਰ ਹਰਮਨਪ੍ਰੀਤ ਕੌਰ ਧਾਲੀਵਾਲ, ਕਾਕਾ ਗੁਰਪ੍ਰੀਤ ਸਿੰਘ ਗੋਪੀ, ਬੇਟੀ ਸਹਿਜਗੁਣ ਕੌਰ ਧਾਲੀਵਾਲ ਵਲੋਂ ਵਿਸ਼ੇਸ਼ ਜਿੰਮੇਵਾਰੀਆ ਨਿਭਾਈਆਂ ਗਈਆਂ। ਇਲਾਕੇ ਦੇ ਪਤਵੰਤਿਆਂ ਵੱਲੋਂ ਕਲੱਬ ਦੇ ਇਸ ਕਦਮ ਦੀ ਭਰਪੂਰ ਪ੍ਰਸੰਸਾ ਕੀਤੀ ਗਈ ਹੈ।

ਬਾਪੂ ਕੁੰਭ ਦਾਸ ਦੇ ਸਾਲਾਨਾ ਮੇਲੇ 'ਚ ਪਾਈ ਜਾਵੇਗੀ ਨਵਜੰਮੀਆਂ ਕੁੜੀਆਂ ਦੀ ਲੋਹੜੀ

ਨੂਰਪੁਰਬੇਦੀ (**ਸੁਰਜੀਤ ਸਿੰਘ ਕਾਹਲੋਂ**):- ਧੰਨ ਧੰਨ ਬਾਪੂ ਕੁੰਭ ਦਾਸ ਸੇਵਾ ਮਿਸ਼ਨ ਵੱਲੋਂ ਆਗਾਮੀ 16 ਜਨਵਰੀ ਨੂੰ ਆਯੋਜਿਤ ਕੀਤੇ ਜਾ ਰਹੇ ਬਾਪੂ ਕੁੰਭ ਦਾਸ ਜੀ ਦੇ 18ਵੇਂ ਬਰਸੀ ਮੇਲੇ ਦੌਰਾਨ ਬੀਤੇ ਸਾਲਾਂ ਦੀ ਲੜੀ ਨੂੰ ਜਾਰੀ ਰੱਖਦੇ ਹੋਏ ਹੋਰ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ। ਡੇਰੇ ਦੇ ਮੁੱਖ ਗੱਦੀਨਸ਼ੀਨ ਮਹੰਤ ਬੰਤੋ ਦਾਸ ਨੇ ਦੱਸਿਆ ਕਿ ਇਸ ਸਮਾਗਮ ਦੌਰਾਨ ਜਿੱਥੇ 5 ਨਵਜੰਮੀਆਂ ਲੜਕੀਆਂ ਦੀ ਲੋਹੜੀ ਪਾਈ ਜਾਵੇਗੀ , ਤੇ ਬੱਚਿਆਂ ਨੂੰ ਚਾਂਦੀ ਦੇ ਕੰਗਣ ਅਤੇ ਕੱਪੜੇ ਭੇਟ ਕਰਕੇ ਸਨਮਾਨ ਦਿੱਤਾ ਜਾਵੇਗਾ ਉੱਥੇ ਹੀ ਖੇਤਰ ਦੇ ਵੱਖ-ਵੱਖ ਸਕੂਲਾਂ ਦੇ ਵਿਭਿੰਨ ਖੇਤਰਾਂ 'ਚ ਮੱਲਾਂ ਮਾਰਨ ਵਾਲੇ 15 ਤੋਂ ਵੱਧ ਵਿਦਿਆਰਥੀਆਂ ਨੂੰ "ਇਲਾਕੇ ਦਾ ਮਾਣ" ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ।

ਸੂਬੇ 'ਚ ਸਾਰੇ ਰੇਲਵੇ ਅੰਡਰਪਾਸਾਂ 'ਤੇ ਸ਼ੈੱਡ ਲਗਾਏ ਜਾਣਗੇ : ਦੁਸ਼ਯੰਤ ਚੌਟਾਲਾ

ਚੰਡੀਗੜ੍ਹ (**ਕ੍ਰਿਸ਼ਨ ਗਰਗ**) - ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੇ ਦਸਿਆ ਕਿ ਸੂਬੇ ਵਿਚ ਸਾਰੇ ਰੇਲਵੇ ਅੰਡਰਪਾਸਾਂ 'ਤੇ ਲੋਕ ਨਿਰਮਾਣ ਵਿਭਾਗ ਵੱਲੋਂ ਸ਼ੈਡ ਲਗਾਏ ਜਾਣਗੇ, ਇਸ ਦੀ ਪੋਲਿਸੀ ਬਣਾ ਦਿੱਤੀ ਗਈ ਹੈ। ਕਰਨਾਲ ਅਤੇ ਜੀਂਦ ਜਿਲ੍ਹਾ ਵਿਚ ਇਹ ਸ਼ੈਡ ਬਨਾਉਣ ਦੀ ਪ੍ਰਕ੍ਰਿਆ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਨੇ ਇੱਥੇ ਹਰਿਆਣਾ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੌਰਾਨ ਸਦਨ ਦੇ ਇਕ ਮੈਂਬਰ ਵੱਲੋਂ ਪੁੱਛੇ ਗਏ ਸੁਆਲ ਦੇ ਜਵਾਬ ਵਿਚ ਦਸਿਆ ਕਿ ਬਰੋਦਾ ਖੇਤਰ ਦੇ ਜਿਨ੍ਹਾਂ ਅੰਡਰਪਾਸ ਦਾ ਵਿਧਾਇਕ ਨੇ ਜਿਕਰ ਕੀਤਾ ਹੈ ਉਹ ਅੰਡਰਪਾਸ ਭਾਰਤੀ ਰੇਲਵੇ ਦੇ ਹਨ। ਉਨ੍ਹਾਂ ਨੇ ਦਸਿਆ ਹੈ ਕਿ ਪਿੰਡ ਭੈਂਸਵਾਲ ਖੁਰਦ ਤੋਂ ਪਿੰਡ ਮਾਹਰਾ ਤਕ ਸੜਕ ਦੇ ਪਹੁੰਚ ਮਾਰਗ 'ਤੇ ਸ਼ੈਡ ਉਪਲਬਧ ਕਰਾਉਣ ਦਾ ਕੰਮ ਪ੍ਰਗਤੀ 'ਤੇ ਹੈ, ਦਜੋਂ ਕਿ ਬਾਕੀ 6 ਅੰਡਰਪਾਸ ਬਨਾਉਣ ਦਾ ਕੰਮ ਸਾਲ 2023 -24 ਵਿਚ ਪ੍ਰਸਤਾਵਿਤ ਕੀਤਾ ਗਿਆ ਹੈ ਅਤੇ ਸਮਰੱਥ ਅਧਿਕਾਰੀ ਦੀ ਮੰਜੂਰੀ ਦੇ ਬਾਅਦ ਅੱਗੇ ਦੀ ਕਾਰਵਾਈ ਕੀਤੀ ਜਾਵੇਗੀ।

ਜਲਦ ਹੋਵੇਗਾ ਅੰਬੇਡਕਰ ਚੌਕ ਦਾ ਸੁੰਦਰੀਕਰਨ : ਪ੍ਰਿੰਸੀਪਲ ਪ੍ਰੇਮ ਕੁਮਾਰ

ਫਿਲੌਰ (**ਨਿਰਮਲ**) ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਯਾਦ ਨੂੰ ਸਮਰਪਿਤ ਉਨ੍ਹਾਂ ਦਾ ਆਦਮਕੱਦ ਬੁੱਤ 2006 ਵਿੱਚ ਲਗਾਇਆ ਗਿਆ ਸੀ। ਜਿਸ ਨੂੰ ਡਾਕਟਰ ਅੰਬੇਦਕਰ ਚੌਕ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਹੁਣ ਇਸ ਚੌਕ ਦੀ ਨੁਹਾਰ ਬਦਲਣ ਵਾਲੀ ਹੈ। ਆਮ ਆਦਮੀ ਪਾਰਟੀ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਆਪਣੇ ਸਾਥੀਆਂ ਸਮੇਤ ਚੌਕ ਵਿੱਖੇ ਪਹੁੰਚ ਕੇ ਬਾਬਾ ਸਾਹਿਬ ਜੀ ਦੇ ਆਦਮਕੱਦ ਬੁੱਤ ਤੇ ਫੁੱਲ ਮਾਲਾਵਾਂ ਭੇਂਟ ਕੀਤੀਆਂ। ਉਪਰੰਤ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਰਚੇਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਆਮ ਲੋਕਾਂ ਨੂੰ ਜਿੱਥੇ ਵੋਟਾਂ ਪਾਉਣ ਦਾ ਅਧਿਕਾਰ ਦਵਾਇਆ ਉੱਥੇ ਸੰਵਿਧਾਨ ਦੇ ਮਾਧਿਅਮ ਨਾਲ ਵਧੀਆ ਕਾਨੂੰਨ ਵਿਵਸਥਾ ਮੁਹੱਈਆ ਕਰਵਾ ਕੇ ਸਭ ਨੂੰ ਬਰਾਬਰਤਾ ਦਾ ਅਧਿਕਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਫਿਲੌਰ ਦੇ ਅੰਬੇਦਕਰ ਚੌਕ ਵਿੱਚ ਲੱਗੇ ਉਨ੍ਹਾਂ ਦੇ ਆਦਮਕੱਦ ਬੁੱਤ ਦਾ ਲੰਬੇ ਸਮੇਂ ਤੋਂ ਨਵੀਨੀਕਰਨ ਨਹੀਂ ਹੋਇਆ ਸੀ ਹੁਣ ਜਲਦ ਹੀ ਸ੍ਰੀ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਤੋਂ ਪਹਿਲਾ ਚੌਕ ਦਾ ਸੁੰਦਰੀਕਰਨ ਕਰ ਦਿੱਤਾ ਜਾਵੇਗਾ। ਇਸ ਮੌਕੇ ਕੌਂਸਲਰ ਯਸਪਾਲ ਗਿੰਢਾ, ਕੌਂਸਲਰ ਸ਼ੰਕਰ ਸੰਧੂ, ਕੌਂਸਲਰ ਵੈਭਵ ਸ਼ਰਮਾ, ਕੌਂਸਲਰ ਸੁਰਿੰਦਰ ਕੈਂਥ,ਹਰਕਮਲ ਸਿੰਘ ਬੇਗਮਪੁਰ, ਸੁਰਿੰਦਰ ਡਾਬਰ, ਮਹੇਸ਼ ਗਾਬਾ ਗੋਰੀ,ਜਗਤ ਰਾਮ ਭੱਟੀ,ਦਵਿੰਦ

16-DEC-PAGE-10.qxd 12/15/2023 10:29 PM Page 1

ਕੇ ਕੇ ਯੂ ਨੇ ਨੈਸ਼ਨਲ ਹਾਈਵੇ ਦਾ ਟੋਲ ਪਲਾਜ਼ਾ ਫ੍ਰੀ ਕੀਤਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਕਿਰਤੀ ਕਿਸਾਨ ਯੂਨੀਅਨ ਬਲਾਕ ਪਾਤੜਾਂ ਦੇ ਸੱਦੇ ਉੱਤੇ ਜਥੇਬੰਦੀ ਦੇ ਵਰਕਰਾਂ ਵੱਲੋਂ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਪਿੰਡ ਗੋਬਿੰਦਪੁਰਾ ਪੈਂਦ ਕੋਲ ਸਥਿਤ ਟੋਲ ਪਲਾਜ਼ੇ 'ਤੇ ਧਰਨਾ ਲਾਇਆ ਗਿਆ, ਜਿਸ ਦੌਰਾਨ ਨੈਸ਼ਨਲ ਹਾਈਵੇ ਨੂੰ ਟੋਲ ਵਾਹਨਾਂ ਲਈ ਟੋਲ ਮੁਕਤ ਕਰ ਦਿੱਤਾ ਗਿਆ। ਜਥੇਬੰਦੀ ਦੇ ਵਰਕਰਾਂ ਵੱਲੋਂ ਟੋਲ ਪਲਾਜ਼ੇ ਦੇ ਆਸ-ਪਾਸ ਦੇ ਪਿੰਡਾਂ ਨੂੰ ਅਤੇ ਪਾਤੜਾਂ ਤੋਂ ਖਨੌਰੀ ਤੱਕ ਸੜਕ ਦੀ ਮੁਰੰਮਤ ਸਮੇਤ ਪਿਛਲੇ ਸਮੇਂ ਦੌਰਾਨ ਘੱਗਰ ਦਰਿਆ ਵਿੱਚ ਆਏ ਹੜਾਂ ਕਾਰਨ ਟੁੱਟੇ ਪੁਲ਼ ਦੀ ਮੁਰੰਮਤ ਸਮੇਤ ਸੜਕ ਨਾਲ ਲੱਗਦੇ ਸੀਵਰੇਜ ਦੀ ਕੋਈ ਸਫ਼ਾਈ ਨਾ ਹੋਣ, ਰੋਡ 'ਤੇ ਲੱਗੀਆਂ ਲਾਇਟਾਂ ਲੰਮੇ ਤੋਂ ਬੰਦ ਹੋਣ ਡੀਵਾਈਡਰ ਵਿੱਚ ਲੱਗੇ ਪੌਦਿਆਂ ਦੀ ਕਟਾਈ ਨਾ ਹੋਣ, ਬਲਾਕ ਪਾਤੜਾਂ ਦੇ ਪਿੰਡ ਢਾਬੀ ਗੁੱਜਰਾਂ, ਗੁਲਾਹੜ ਅਤੇ ਖਾਂਗ ਨੂੰ ਆ ਰਹੀਆਂ ਮੁਸ਼ਕਲਾਂ ਦਾ ਮੁੱਦਾ ਉਠਾਇਆ ਗਿਆ। ਅਣਮਿੱਥੇ ਸਮੇਂ ਲਈ ਧਰਨੇ ਦੇ ਦਿੱਤੇ ਗਏ ਸੱਦੇ ਦਾ ਪਤਾ ਲੱਗਦਿਆਂ ਹੀ ਟੋਲ ਕੰਪਨੀ ਦੇ ਮੈਨੇਜਰ ਅਤੇ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਦੇ ਅਧਿਕਾਰੀਆਂ ਅਤੇ ਜਥੇਬੰਦੀ ਦੀ ਮੰਗਾਂ ਸਬੰਧੀ ਮੀਟਿੰਗ ਹੋਈ, ਜਿਸ ਵਿੱਚ ਜਥੇਬੰਦੀ ਦੀਆਂ ਸਭ ਮੰਗਾਂ ਨੂੰ ਮੌਕੇ 'ਤੇ ਹੀ ਮੰਨ ਲਿਆ ਗਿਆ, ਜਿਸ ਬਾਅਦ ਇਸ ਧਰਨੇ ਨੂੰ ਸਮਾਪਤ ਕੀਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਪ੍ਰੈੱਸ ਸਕੱਤਰ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਦੇ ਘਰ ਭਰਨ ਦੀ ਨੀਤੀ ਤਹਿਤ ਟੋਲ ਕੰਪਨੀ ਵੱਲੋਂ ਇਲਾਕੇ ਦੇ ਲੋਕਾਂ ਨਾਲ ਕਥਿਤ ਤੌਰ 'ਤੇ ਧੱਕੇਸ਼ਾਹੀ ਕੀਤੀ ਜਾਂਦੀ ਹੈ, ਜਿਸ ਦੇ ਵਿਰੋਧ ਵਿੱਚ ਜਥੇਬੰਦੀ ਵੱਲੋਂ ਲੋਕਾਂ ਦੀ ਆਵਾਜ਼ ਉਠਾਉਂਦਿਆਂ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ।

ਉਨ੍ਹਾਂ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਜੇ ਲੁੱਟ ਤੋਂ ਬਚਣਾ ਹੈ ਤਾਂ ਇਕਜੁਟ ਹੋ ਕੇ ਹੀ ਬਚਿਆ ਜਾ ਸਕਦਾ ਹੈ। ਬਲਾਕ ਪਾਤੜਾਂ ਦੇ ਇਸ ਐਕਸ਼ਨ ਪ੍ਰੋਗਰਾਮ ਸਬੰਧੀ ਆਗੂ ਟੀਮ ਨੂੰ ਜਿੱਤ ਦੀ ਵਧਾਈ ਦਿੰਦਿਆਂ ਅਗਲੇ ਸੰਘਰਸ਼ਾਂ ਲਈ ਤਿਆਰ ਰਹਿਨ ਲਈ ਕਿਹਾ ਗਿਆ। ਧਰਨੇ ਵਿੱਚ ਜ਼ਿਲ੍ਹਾ ਸਕੱਤਰ ਦਲਜਿੰਦਰ ਸਿੰਘ ਹਰਿਆਊ, ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ ਦੇਧਨਾ, ਬਲਾਕ ਪ੍ਰਧਾਨ ਕਰਮਜੀਤ ਸਿੰਘ ਪਾਤੜਾਂ, ਬਲਾਕ ਸਕੱਤਰ ਅਮਰਿੰਦਰ ਸਿੰਘ ਵਿਰਕ, ਡਾ. ਮਹਿੰਦਰ ਸਿੰਘ ਖਾਂਗ, ਓਮ ਪ੍ਰਕਾਸ਼ ਢਾਬੀ, ਅਮਰਜੀਤ ਸਿੰਘ ਦੇਧਨਾ ਤੋਂ ਇਲਾਵਾ ਸ਼ਿਵ ਕੁਮਾਰ ਖਾਂਗ, ਕੁਲਦੀਪ ਸਰਪੰਚ ਚੁਨਾਗਰਾ, ਬਲਵਿੰਦਰ ਸਿੰਘ ਪਾਤੜਾਂ, ਪਰਦੀਪ ਢਾਬੀ, ਸੋਨੂ ਵਿਰਕ ਤੇ ਨੌਜਵਾਨ ਭਾਰਤ ਸਭਾ ਦੇ ਆਗੂ ਦਵਿੰਦਰ ਛਬੀਲਪੁਰ ਇਸ ਧਰਨੇ ਦੇ ਸਮਰਥਨ ਵਿੱਚ ਆਏ। ਇਸ ਤੋਂ ਇਲਾਵਾ ਵੱਖ-ਵੱਖ ਪਿੰਡ ਇਕਾਈਆਂ ਵਿੱਚੋਂ ਜਥੇਬੰਦੀ ਦੇ ਕਾਰਕੁਨਾਂ ਨੇ ਸ਼ਮੂਲੀਅਤ ਕੀਤੀ।

ਲੋਕ ਸੇਵਾ ਸੁਸਾਇਟੀ ਨੇ 45ਵਾਂ ਅੱਖਾਂ ਦਾ ਫ੍ਰੀ ਚੈੱਕਅਪ ਕੈਂਪ ਲਾਇਆ

ਜਗਰਾਉਂ (ਅਮਿਤ ਖੰਨਾ)-ਸਵ: ਰਾਮ ਲਾਲ ਪੁੱਤਰ ਸਵਰਗਵਾਸੀ ਸਾਲਿਗ ਰਾਮ ਦੀ ਯਾਦ ਵਿੱਚ ਐੱਲਐੱਸਐੱਸ ਮਨੋਜ ਗਰਗ ਦੇ ਪਰਵਾਰ ਵੱਲੋਂ ਲੋਕ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ 45ਵਾਂ ਅੱਖਾਂ ਦਾ ਫ਼ਰੀ ਚੈੱਕਅਪ ਕੈਂਪ ਭਾਈ ਦਾਨ ਸਿੰਘ ਪਬਲਿਕ ਸਕੂਲ ਪਿੰਡ ਮਾਣੂਕੇ ਵਿਖੇ ਲਾਇਆ ਗਿਆ।

ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਣ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਲਾਏ ਇਸ ਕੈਂਪ ਵਿੱਚ ਸ਼ੰਕਰਾ ਆਈ ਹਾਸਪੀਟਲ ਮੁੱਲਾਂਪੁਰ ਦੀ ਟੀਮ ਵੱਲੋਂ ਜਿੱਥੇ 133 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ, ਉੱਥੇ ਕੈਂਪ ਵਿੱਚ 32 ਮਰੀਜ਼ਾਂ ਦਾ ਚੋਣ ਕੀਤੀ ਗਈ, ਜਿਨ੍ਹਾਂ ਦੀਆਂ ਅੱਖਾਂ ਦੇ ਅਪਰੇਸ਼ਨ ਹਸਪਤਾਲ ਵਿਖੇ ਕੀਤੇ ਜਾਣਗੇ। ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਅਤੇ ਪ੍ਰਧਾਨ ਕੰਵਲ ਕੱਕੜ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਹਰ ਮਹੀਨੇ ਦੇ ਅਖਰੀਲੇ ਐਤਵਾਰ ਨੂੰ ਅੱਖਾਂ ਦਾ ਫ਼ਰੀ ਚੈੱਕਅਪ ਕੈਂਪ ਐੱਲ ਆਰ ਡੀ ਏ ਵੀ ਕਾਲਜ ਵਿਖੇ ਲਾਇਆ ਜਾਂਦਾ ਹੈ, ਜਿੱਥੇ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰਨ ਉਪਰੰਤ ਚਿੱਟੇ ਮੋਤੀਏ ਫ਼ਰੀ ਕੈਂਪ ਅਪਰੇਸ਼ਨ ਕੀਤੇ ਜਾਂਦੇ ਹਨ। ਕੈਂਪ ਦੇ ਮੁੱਖ ਮਹਿਮਾਨ ਗੁਰਮੁਖ ਸਿੰਘ ਸੰਧੂ ਨੇ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਸੁਸਾਇਟੀ ਨੂੰ ਹਰ ਤਰ੍ਹਾਂ ਦਾ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਪੈਨਸ਼ਨ ਪ੍ਰਾਪਤੀ ਸੰਘਰਸ਼ ਦੀ ਪੂਰਨ ਹਮਾਇਤ

ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)

ਪੰਜਾਬ ਪੈਨਸ਼ਨਰਜ਼ ਯੂਨੀਅਨ (ਰਜਿ:) ਜ਼ਿਲ੍ਹਾ ਬ੍ਰਾਂਚ ਲੁਧਿਆਣਾ ਦੀ ਮੀਟਿੰਗ ਈਸੜੂ ਭਵਨ ਲੁਧਿਆਣਾ ਵਿਖੇ ਸਾਥੀ ਪਵਿੱਤਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸੀਲੋ ਨੇ ਏਜੰਡੇ ਦੀ ਸੰਖੇਪ ਸ਼ਬਦਾਂ ਵਿਚ ਜਾਣਕਾਰੀ ਦਿੱਤੀ। ਸੂਬਾ ਪ੍ਰਧਾਨ ਚਰਨ ਸਿੰਘ ਸਰਾਭਾ ਨੇ ਪੈਨਸ਼ਨ ਸਬੰਧੀ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਪੈਨਸ਼ਨ ਪ੍ਰਾਪਤੀ ਲਈ ਵੱਡੇ ਸੰਘਰਸ਼ ਕੀਤੇ ਗਏ। ਉਨ੍ਹਾਂ ਕਿਹਾ ਕਿ ਪੈਨਸ਼ਨ ਮੁਲਾਜ਼ਮਾਂ ਵੱਲੋਂ ਕੇਂਦਰ ਅਤੇ ਸੂਬਿਆਂ ਵਿਚ 58-60 ਸਾਲ ਦੀ ਉਮਰ ਤੱਕ ਕੇਂਦਰ ਅਤੇ ਸੂਬਿਆਂ ਦੇ ਵਿਕਾਸੀ ਉਨਤੀ ਲਈ ਲੰਬੇ ਸਮੇਂ ਤੱਕ ਕੀਤੀਆਂ ਸੇਵਾਵਾਂ ਦੇ ਇਵਜ਼ ਅਤੇ ਬੁਢਾਪਾ ਸੁਰੱਖਿਅਤ ਕਰਨ ਦਾ ਪੈਨਸ਼ਨ ਹੱਕ ਹੈ। ਅਤੇ ਇਹ ਸਭ ਨੂੰ ਮਿਲਣਾ ਚਾਹੀਦਾ ਹੈ। ਡਬਲਯੂ ਡੀ ਓ ਵਿਸ਼ਵ ਬੈਂਕ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਸਰਕਾਰ ਲਾਗੂ ਕਰਕੇ ਪੈਨਸ਼ਨ ਬੰਦ ਕਰਨ ਦੀਆਂ ਨੀਤੀਆਂ 'ਤੇ ਕੰਮ ਕਰ ਰਹੀਆਂ ਹਨ। ਪੰਜਾਬ ਅਤੇ ਕੇਂਦਰੀ ਕਰਮਚਾਰੀਆਂ ਵੱਲੋਂ ਪੈਨਸ਼ਨਾਂ ਪ੍ਰਾਪਤੀ ਲਈ ਸੰਘਰਸ਼ ਜ਼ੋਰ ਸ਼ੋਰ ਨਾਲ ਚੱਲ ਰਹੇ ਹਨ। ਪੰਜਾਬ ਸਰਕਾਰ ਵੀ ਸਪੱਸ਼ਟ ਨੋਟੀਫਿਕੇਸ਼ਨ ਕਰਨ ਵਿਚ ਟਾਲ ਮਟੋਲ ਕਰ ਰਹੀ ਹੈ। ਪੰਜਾਬ ਪੈਨਸ਼ਨਰ ਯੂਨੀਅਨ ਇਸ ਸੰਘਰਸ਼ ਦੀ ਹਮਾਇਤ ਕਰਦੀ ਹੈ। ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਨੇ ਪੈਨਸ਼ਨ ਡੇ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਾਡੇ ਧਰਨਿਆਂ ਮੁਜ਼ਾਹਰਿਆਂ ਵਿੱਚ ਬੈਠ ਕੇ ਅਤੇ ਚੋਣ ਮਨੋਰਥ ਪੱਤਰ ਵਿਚ ਵੀ ਗਰੰਟੀਆਂ ਦਿੱਤੀਆਂ ਸਨ ਕਿ ਸੱਤਾ ਵਿਚ ਆ ਕੇ ਪਹਿਲ ਦੇ ਆਧਾਰ 'ਤੇ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਮੰਗਾਂ ਅਤੇ ਪੇ ਕਮਿਸ਼ਨ ਦੀ ਰਿਪੋਰਟ ਅਤੇ ਏਰੀਅਰ ਦੇਣ ਲਈ ਹਰੇ ਪਿੰਨ ਦੀ ਵਰਤੋਂ ਕਰਕੇ ਸਭ ਕੁਝ ਠੀਕ ਕਰ ਲਿਆ ਜਾਵੇਗਾ। ਸੰਘਰਸ਼ ਦੀ ਜ਼ਰੂਰਤ ਨਹੀਂ ਪਵੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਕੇਵਲ ਲਾਲ ਪਿੰਨ ਦੀ ਹੀ ਵਰਤੋਂ ਕਰਦੇ ਹਨ। ਮੁੱਖ ਮੰਤਰੀ ਚੁਟਕਲੇ ਸੁਣਾ ਕੇ ਡੰਗ ਟਪਾ ਰਹੇ ਹਨ। ਪੈਨਸ਼ਨ ਸਬੰਧੀ ਅਧੂਰਾ ਨੋਟੀਫਿਕੇਸ਼ਨ ਕਰਕੇ ਡੰਗ ਟਪਾ ਰਹੇ ਹਨ। ਇਸ ਮੌਕੇ ਸਵਰਨ ਸਿੰਘ ਹਠੂਰ, ਦਰਸ਼ਨ ਸਿੰਘ ਥਰੀਕੇ, ਪਵਿੱਤਰ ਸਿੰਘ, ਹਰਜਿੰਦਰ ਸਿੰਘ, ਗੁਲਜ਼ਾਰ ਖਾਨ ਨੇ ਵਿਚਾਰ ਰੱਖੇ। ਪੰਜਾਬ ਪੈਨਸ਼ਨਰ ਯੂਨੀਅਨ ਆਪਣਾ ਸੰਘਰਸ਼ ਜਾਰੀ ਰੱਖੇਗੀ।

ਕਾਤਰਾਂ

11 ਸਾਲ ਤੋਂ ਭਗੌੜਾ ਪੁਲਸ ਵੱਲੋਂ ਕਾਬੂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਣਯੋਗ ਅਦਾਲਤ ਵਲੋਂ ਭਗੌੜਾ ਕਰਾਰ ਦਿੱਤੇ ਗਏ ਲਖਨ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ 2012 ਵਿਚ ਲਖਨ ਖਿਲਾਫ਼ ਮਾਛੀਵਾੜਾ ਪੁਲਿਸ ਥਾਣਾ ਵਿਚ ਪਰਚਾ ਦਰਜ ਕੀਤਾ ਗਿਆ ਸੀ ਅਤੇ ਜ਼ਮਾਨਤ ਤੋਂ ਬਾਅਦ ਉਹ ਅਦਾਲਤ ਵਿਚ ਪੇਸ਼ ਨਹੀਂ ਹੋਇਆ, ਜਿਸ 'ਤੇ ਉਸਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਸ਼ੇਰਪੁਰ ਚੌਕੀ ਇੰਚਾਰਜ ਜਸਵੰਤ ਸਿੰਘ ਵਲੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਖਿਲਾਫ਼ ਮਾਮਲਾ ਦਰਜ ਕਰ ਅਦਾਲਤ ਵਿਚ ਪੇਸ਼ ਕਰ ਦਿੱਤਾ ਹੈ।

ਗੰਨਾ ਕਾਸ਼ਤਕਾਰਾਂ ਦੀਆਂ ਮੰਗਾਂ ਲਈ ਸਰਕਾਰ ਕਾਰਜਸ਼ੀਲ : ਪ੍ਰੋ. ਉਂਕਾਰ ਸਿੱਧੂ

ਧੂਰੀ (ਬਿੰਨੀ ਗਰਗ)-ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੇ ਗੰਨਾ ਕਾਸ਼ਤਕਾਰਾਂ ਨਾਲ ਮੀਟਿੰਗ ਤੋਂ ਬਾਅਦ ਕਿਹਾ ਕਿ ਗੰਨਾ ਕਾਸ਼ਤਕਾਰਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਸੰਜੀਦਗੀ ਨਾਲ ਕਾਰਜ਼ਸੀਲ ਹੈ। ਉਨ੍ਹਾਂ ਕਿਹਾ ਕਿ ਭਗਵਾਨਪੁਰਾ ਖੰਡ ਮਿੱਲ ਧੂਰੀ ਵਿਖੇ ਗੰਨੇ ਦੀ ਖਰੀਦ ਲਈ ਕੇਂਦਰ ਸਥਾਪਤ ਕਰ ਦਿੱਤਾ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਅਗਲੇ ਸੀਜਨ ਦੌਰਾਨ ਇਸ ਖੰਡ ਮਿੱਲ ਨੂੰ ਨਿਯਮਤ ਰੂਪ ਵਿੱਚ ਸ਼ੁਰੂ ਕਰਨ ਵਿੱਚ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦੀਆਂ ਕਿਸਾਨ ਪੱਖੀ ਨੀਤੀਆਂ ਗੰਨਾ ਕਾਸ਼ਤਕਾਰਾਂ ਲਈ ਲਾਹੇਬੰਦ ਸਾਬਤ ਹੋਣਗੀਆਂ। ਉਨ੍ਹਾਂ ਦੱਸਿਆ ਕਿ ਮਿੱਲ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਕਿਸਾਨਾਂ ਨੂੰ ਫ਼ਸਲ ਦੀ ਨਿਰਧਾਰਿਤ ਸਮੇਂ ਅੰਦਰ ਅਦਾਇਗੀ ਕੀਤੀ ਜਾਵੇ ਅਤੇ ਜੇਕਰ ਮਿੱਲ ਪ੍ਰਬੰਧਕ ਅਜਿਹਾ ਕਰਨ ਵਿੱਚ ਅਸਫ਼ਲ ਰਹਿੰਦੇ ਹਨ ਤਾਂ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

ਸਰਕਾਰ ਨੇ 43 ਸੇਵਾਵਾਂ ਸ਼ੁਰੂ ਕਰਕੇ ਕੀਤਾ ਸ਼ਲਾਘਾ ਯੋਗ ਕੰਮ : ਉਪਿੰਦਰ ਸਿੰਧੀ

ਮਮਦੋਟ (ਹਰਪਾਲ ਸਿੰਘ ਸੋਢੀ)-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਘਰ ਬੈਠੇ 43 ਆਉਣ ਲਾਈਨ ਸਰਕਾਰੀ ਸੇਵਾਵਾਂ ਦਾ ਕੰਮ ਸ਼ੁਰੂ ਕਰ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਉਪਿੰਦਰ ਸਿੰਘ ਸਿੰਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ ਨੇ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਲੋਕਾਂ ਲਈ 43 ਆਉਣ ਲਾਈਨ ਸਕੀਮ ਸ਼ੁਰੂ ਕਰ ਕੇ ਇਤਿਹਾਸਕ ਫ਼ੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਇਹ ਸਕੀਮ ਸ਼ੁਰੂ ਕਰ ਕੇ ਲੋਕਾਂ ਦੀ ਹੁੰਦੀ ਖੱਜਲ ਖੁਆਰੀ ਅਤੇ ਭ੍ਰਿਸ਼ਟਾਚਾਰ 'ਤੇ ਰੋਕ ਲੱਗੇਗੀ। ਪੰਜਾਬ ਸਰਕਾਰ ਤਹਾਡੇ ਦੁਆਰ ਸਕੀਮ ਤਹਿਤ ਲੋਕ ਘਰ ਬੈਠੇ 43 ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਉਪਿੰਦਰ ਸਿੰਧੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕਰ ਰਹੀ ਹੈ। ਪੰਜਾਬ ਸਰਕਾਰ ਭਵਿੱਖ 'ਚ ਵੀ ਪੰਜਾਬ ਦੇ ਲੋਕਾਂ ਲਈ ਇਤਿਹਾਸਕ ਫ਼ੈਸਲੇ ਲਵੇਗੀ।

ਗੁਰੂ ਰਵਿਦਾਸ ਸਭਾ ਵੱਲੋਂ ਡਾ. ਅੰਬੇਦਕਰ ਭਵਨ ਸੁਰੱਖਿਅਤ ਕਰਨ ਦੀ ਮੰਗ

ਸਿਰਸਾ (ਸੁਰਿੰਦਰ ਪਾਲ ਸਿੰਘ)-ਸ਼੍ਰੀ ਗੁਰੂ ਰਵਿਦਾਸ ਸਭਾ ਪਿੰਡ ਕਾਲਾਂਵਾਲੀ ਦੇ ਡਾ. ਅੰਬੇਡਕਰ ਸਭਾ ਦੇ ਅਹੁਦੇਦਾਰਾਂ ਕਹਿਣਾ ਹੈ ਕਿ ਡਾ. ਅੰਬੇਦਕਰ ਭਵਨ ਤੋਂ ਬਿਨਾਂ ਰਵਿਦਾਸ ਸਮਾਜ ਕੋਲ ਕਿਸੇ ਵੀ ਸਮਾਜਿਕ ਧਾਰਮਿਕ ਕਾਰਜ ਲਈ ਕੋਈ ਥਾਂ ਨਹੀਂ। ਉਨ੍ਹਾਂ ਕਿਹਾ ਕਿ ਸਾਬਕਾ ਪੰਚਾਇਤ ਵੇਲੇ ਸ਼ੈੱਡ ਦੀ ਉਸਾਰੀ ਸਾਬਕਾ ਪੰਚਾਇਤ ਨੇ ਕਰਵਾਈ ਤੇ ਇਸ ਸਥਾਨ 'ਤੇ ਸ਼੍ਰੀ ਗੁਰੂ ਰਵਿਦਾਸ ਜਯੰਤੀ ਅਤੇ ਡਾ.ਬੀ.ਆਰ.ਅੰਬੇਦਕਰ ਦਾ ਜਨਮ ਦਿਹਾੜਾ ਮਨਾਇਆ ਗਿਆ ਅਤੇ ਮੁੱਖ ਮੰਤਰੀ ਮਨੋਹਰ ਲਾਲ ਨੇ ਵੀ ਇਸ ਸਥਾਨ ਤੇ ਜਨ ਸੰਵਾਦ ਪ੍ਰੋਗਰਾਮ ਆਯੋਜਤ ਕੀਤਾ। ਇਸ ਅੰਬੇਡਕਰ ਭਵਨ ਦੀ ਮਿਣਤੀ ਕਾਨੂੰਨਗੋ ਵੱਲੋਂ ਕੀਤੀ ਗਈ ਸੀ। ਉਨ੍ਹਾਂ ਸਰਕਾਰ ਨੂੰ ਬੇਨਤੀ ਕੀਤੀ ਕਿ ਜਿਨ੍ਹਾਂ ਲੋਕਾਂ ਵੱਲੋਂ ਇਸ ਜਗ੍ਹਾ 'ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਉਸ 'ਤੇ ਵਿਭਾਗ ਪਾਰਦਰਸ਼ਤਾ ਦੇ ਆਧਾਰ 'ਤੇ ਕੰਮ ਕਰੇ। ਇਸ ਮੌਕੇ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਅਸ਼ਵਨੀ ਨੂਨਾ, ਲੱਖਣ ਰਾਮ, ਗੁਰਪ੍ਰੀਤ ਸਿੰਘ, ਦਰਸ਼ਨ ਸਿੰਘ ਖਾਲਸਾ, ਉੱਤਮ ਚੰਦ, ਟੇਕਚੰਦ, ਨਰੇਸ਼ ਕੁਮਾਰ, ਬਿੰਦਰ ਸਿੰਘ, ਜੱਸਾ ਸਿੰਘ ਪ੍ਰਧਾਨ, ਸੁਖਪਾਲ ਸਿੰਘ, ਸੁੱਖਾ ਸਿੰਘ, ਗੁਲਜ਼ਾਰ ਸਿੰਘ, ਗੁਰਤੇਜ ਸਿੰਘ ਤੋਂ ਬਿਨਾਂ ਮੀਤ ਪ੍ਰਧਾਨ ਸੁਰੇਸ਼ ਜੌਰਸੀਆ ਸਮੇਤ ਬਹੁਤ ਸਾਰੇ ਸ਼੍ਰੀ ਗੁਰੂ ਰਵਿਦਾਸ ਸਭਾ ਪਿੰਡ ਕਾਲਾਂਵਾਲੀ ਦੇ ਮੈਂਬਰ ਵੀ ਹਾਜ਼ਰ ਸਨ।

ਹਰ ਵਰ੍ਹੇ ਨਵੇਂ ਸਾਲ ਦੇ ਸ਼ੁਰੂ 'ਚ ਕਰਾਇਆ ਜਾਵੇਗਾ ਸੱਭਿਆਚਾਰਕ ਪ੍ਰੋਗਰਾਮ

ਮੋਗਾ (ਅਮਰਜੀਤ ਬੱਬਰੀ)

ਐਨ.ਆਰ.ਆਈ ਸਰਬ-ਸਾਂਝੀ ਸਭਾ ਕੜਿਆਲ ਅਤੇ ਪਿੰਡ ਦੇ ਮੋਹਤਬਰ ਸਾਥੀਆਂ ਦੀ ਭਰਵੀਂ ਮੀ

16-Dec-PAGE-11-Majha-23.qxd 12/15/2023 10:38 PM Page 1

ਭੱਠਾ ਮਜ਼ਦੂਰਾਂ ਨੂੰ ਬਣਦੀ ਮਜ਼ਦੂਰੀ ਨਾ ਮਿਲਣ ਕਰਕੇ ਅਣਮਿੱਥੇ ਸਮੇਂ ਲਈ ਧਰਨਾ ਜਾਰੀ

ਪਠਾਨਕੋਟ (ਦਵਿੰਦਰ ਸਿੰਘ) ਘੱਟ ਮਜ਼ਦੂਰੀ ਦੇਣ ਵਾਲੇ ਭੱਠਾ ਮਾਲਕਾਂ ਖਿਲਾਫ ਭੱਠਾ ਮਜ਼ਦੂਰ ਫਿਰ ਰੋਸ ਪ੍ਰਦਰਸ਼ਨ ਕਰਕੇ ਅਣਮਿੱਥੇ ਸਮੇਂ ਦੇ ਧਰਨੇ ਲਈ ਜਿਲ੍ਹਾ ਹੈਡਕੁਆਰਟਰ ਪਠਾਨਕੋਟ ਵਿਖੇ ਪੁੱਜੇ। ਭੱਠਾ ਮਜ਼ਦੂਰਾਂ ਨੂੰ ਸਮਝੌਤੇ ਅਨੁਸਾਰ 909 ਰੁਪਏ ਪ੍ਰਤੀ ਹਜ਼ਾਰ ਇੱਟਾਂ ਪਿੱਛੇ ਬਣਦੀ ਮਜ਼ਦੂਰੀ ਦਿਵਾਉਣ 'ਚ ਬੁਰੀ ਤਰ੍ਹਾਂ ਅਸਫਲ ਅਸਿਸਟੈਂਟ ਲੇਬਰ ਕਮਿਸ਼ਨਰ ਅਤੇ ਇਨਫੋਰਸਮੈਂਟ ਅਫਸਰ ਪਠਾਨਕੋਟ ਦੇ ਖਿਲਾਫ ਵਿਭਾਗੀ ਕਾਰਵਾਈ ਕਰਨ, ਜਿੰਮੇਵਾਰ ਅਧਿਕਾਰੀਆਂ ਦੀ ਬਦਲੀ ਦੀ ਮੰਗ ਨੂੰ ਲੈ ਕੇ ਕਿਰਤ ਵਿਭਾਗ ਦੇ ਸੈਕਟਰੀ ਤੇ ਲੇਬਰ ਕਮਿਸ਼ਨਰ ਪੰਜਾਬ ਚੰਡੀਗੜ੍ਹ ਨੂੰ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਵੱਲੋਂ ਸ਼ਿਕਾਇਤ ਕੀਤੀ ਜਾਵੇਗੀ। ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਜਸਵੰਤ ਸਿੰਘ ਬੁੱਟਰ, ਮੀਤ ਪ੍ਰਧਾਨ ਦਰਸ਼ਨ ਸਿੰਘ ਅਖਰੋਟਾ ਅਤੇ ਜਾਇੰਟ ਸਕੱਤਰ ਮਨਹਰਨ ਦੀ ਪ੍ਰਧਾਨਗੀ ਹੇਠ ਵੱਖ ਵੱਖ ਭੱਠਿਆਂ ਉਪਰ ਕੰਮ ਕਰਦੇ ਮਜ਼ਦੂਰਾਂ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਸੀ ਟੀ ਯੂ ਪੰਜਾਬ ਦੇ ਵਿੱਤ ਸਕੱਤਰ ਸ਼ਿਵ ਕੁਮਾਰ ਨੇ ਕਿਹਾ ਕਿ ਲੇਬਰ ਵਿਭਾਗ ਦੇ ਅਧਿਕਾਰੀਆਂ ਦੀ ਭੱਠਾ ਮਾਲਕਾਂ ਨਾਲ ਮਿਲੀਭੁਗਤ ਕਰਕੇ ਭੱਠਾ ਮਜ਼ਦੂਰਾਂ ਨੂੰ ਭੱਠਾ ਮਾਲਕਾਂ ਵੱਲੋਂ ਘੱਟ ਮਜ਼ਦੂਰੀ ਦੇ ਕੇ ਹਿਸਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਸ਼ਿਕਾਇਤ ਦੇਣ ਦੇ ਬਾਵਜੂਦ ਜਿਲ੍ਹਾ ਪ੍ਰਸ਼ਾਸ਼ਨ ਪਠਾਨਕੋਟ ਚੁੱਪ ਹੈ। ਉਹਨਾਂ ਕਿਹਾ ਕਿ ਜੇਕਰ ਸਬੰਧਤ ਅਧਿਕਾਰੀ ਆਪਣੀ ਡਿਊਟੀ ਨਹੀਂ ਨਿਭਾ ਸਕਦੇ ਤਾਂ ਉਹਨਾਂ ਨੂੰ ਨੈਤਿਕਤਾ ਦੇ ਅਧਾਰਿਤ ਰਿਜ਼ਾਇਨ ਕਰ ਦੇਣਾ ਚਾਹੀਦਾ ਹੈ। ਉਹਨਾਂ ਅੱਗੇ ਕਿਹਾ ਕਿ ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਵੱਲੋਂ ਕਿਰਤ ਵਿਭਾਗ ਦੇ ਮੁੱਖ ਸਕੱਤਰ ਪੰਜਾਬ ਚੰਡੀਗੜ੍ਹ ਅਤੇ ਲੇਬਰ ਕਮਿਸ਼ਨਰ ਪੰਜਾਬ ਮੋਹਾਲੀ ਤੋਂ ਮੰਗ ਕੀਤੀ ਜਾਵੇਗੀ ਕਿ ਉਪਰੋਕਤ ਜਿਲ੍ਹਾ ਅਧਿਕਾਰੀਆਂ ਦੀ ਬਦਲੀ ਕੀਤੀ ਜਾਵੇ, ਪੜਤਾਲ ਕਰਕੇ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇ। ਜਸਵੰਤ ਸਿੰਘ ਬੁੱਟਰ, ਦਰਸ਼ਨ ਸਿੰਘ ਅਤੇ ਮਨਹਰਨ ਨੇ ਕਿਹਾ ਕਿ ਭਰ ਗਰਮੀ ਤੇ ਸਖਤ ਸਰਦੀ ਦੇ ਦੌਰਾਨ ਵੀ ਮਜ਼ਦੂਰਾਂ ਨੂੰ ਨੰਗੇ ਪੈਰੀਂ ਤੇ ਨੰਗੇ ਤੰਨ ਕੰਮ ਕਰਨਾ ਪੈਂਦਾ ਹੈ ਪਰੰਤੂ ਕੰਮ ਦੀ ਸਮਾਪਤੀ ਵੇਲੇ ਮਜ਼ਦੂਰੀ ਲੈਣ ਲਈ ਵਾਰ ਵਾਰ ਸ਼ੜਕਾਂ 'ਤੇ ਖੱਜਲ ਖੁਆਰ ਹੋਣਾ ਪੈਂਦਾ ਹੈ। ਆਗੂਆਂ ਨੇ ਕਿਹਾ ਕਿ ਜਿਨ੍ਹਾਂ ਭੱਠਾ ਮਾਲਕਾਂ ਨੇ ਘੱਟ ਮਜ਼ਦੂਰੀ ਦੇਣ ਦੀ ਕੋਸ਼ਿਸ਼ ਕੀਤੀ ਉਹਨਾਂ ਭੱਠਿਆਂ ਦੀ ਲਿਸਟ ਫੂਡ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਦੇ ਕੇ ਮੰਗ ਕੀਤੀ ਜਾਵੇਗੀ ਕਿ ਉਹਨਾਂ ਭੱਠਿਆਂ ਦੇ ਲਾਈਸੈਂਸ ਰੱਦ ਕੀਤੇ ਜਾਣ। ਆਗੂਆਂ ਨੇ ਐਲਾਨ ਕੀਤਾ ਕਿ ਸਾਰੇ ਮਜ਼ਦੂਰਾਂ ਨੂੰ 909/ -ਰੁਪਏ ਨਵੇਂ ਰੇਟ ਅਨੁਸਾਰ ਉਹਨਾਂ ਦੀ ਬਣਦੀ ਮਜ਼ਦੂਰੀ ਦਿਵਾਉਣ ਤੱਕ ਸੰਘਰਸ਼ ਜਾਰੀ ਰਹੇਗਾ।

ਅਣਪਛਾਤਿਆਂ ਨੇ ਹਥਿਆਰ ਦੀ ਨੋਕ 'ਤੇ ਬਜ਼ੁਰਗ ਜੋੜੇ ਨੂੰ ਬੰਦੀ ਬਣਾ ਨਗਦੀ ਲੁੱਟੀ

ਪੱਟੀ, (ਬਲਦੇਵ ਸਿੰਘ ਸੰਧੂ) ਕਸਬਾ ਹਰੀਕੇ ਪੱਤਣ ਅਤੇ ਨੇੜਲੇ ਇਲਾਕੇ 'ਚ ਲੁਟੇਰਿਆਂ ਦਾ ਤਾਂਡਵ ਸਿਰ ਚੜ੍ਹ ਕੇ ਬੋਲ ਰਿਹਾ ਹੈ। ਹਲਾਤ ਇਹ ਹਨ ਕਿ ਜਿੱਥੇ ਦਰਿਆ ਪਾਰ ਤੋਂ ਆ ਕੇ ਚੋਰ ਦੋਪਹੀਆ ਵਾਹਨਾਂ ਨੂੰ ਨਿਸ਼ਾਨਾ ਬਣਾ ਰਹੇ ਉਥੇ ਹੀ ਅਣਪਛਾਤਿਆ ਨੇ ਬਹਿਕਾਂ ਤੇ ਰਹਿੰਦੇ ਪਰਵਾਰਾਂ ਨੂੰ ਨਿਸ਼ਾਨਾ ਬਣਾਉਣਾ ਅਰੰਭ ਕਰ ਦਿੱਤਾ।

ਤਾਜਾ ਮਾਮਲੇ ਦੌਰਾਨ ਅਣਪਛਾਤਿਆ ਨੇ ਤੜਕੇ ਦੇ ਪਹਿਲੇ ਪਹਿਰ ਬਜ਼ੁਰਗ ਜੋੜੇ ਨੂੰ ਹਥਿਆਰਾਂ ਦੀ ਨੋਕ 'ਤੇ ਬੰਦੀ ਬਣਾਇਆ ਅਤੇ ਘਰੇਲੂ ਵਸਤਾਂ ਦੇ ਨਾਲ ਨਾਲ ਇੱਕ ਲੱਖ ਦੀ ਨਗਦੀ ਲੈ ਕੇ ਫਰਾਰ ਹੋ ਗਏ।

ਜਾਣਕਾਰੀ ਦਿੰਦਿਆਂ ਜਰਨੈਲ ਸਿੰਘ ਪੁੱਤਰ ਨਾਜਰ ਸਿੰਘ ਨੇ ਦੱਸਿਆ ਕਿ ਉਹ ਦੋਵੇਂ ਜੀ ਘਰ ਵਿੱਚ ਇਕੱਲੇ ਰਹਿੰਦੇ ਹਨ। ਅੱਜ ਤੜਕਸਾਰ ਉਹਨਾਂ ਦੇ ਘਰ ਦਾਖਲ ਹੋਏ ਤੇ ਹਥਿਆਰਾਂ ਦੀ ਨੋਕ 'ਤੇ ਬੰਦੀ ਬਣਾ ਲਿਆ ਘਰ ਦੀ ਤਲਾਸ਼ੀ ਕਰਦਿਆਂ ਘਰੇਲੂ ਸਮਾਨ ਤੇ ਇੱਕ ਲੱਖ ਰੁਪਏ ਦੀ ਨਗਦੀ ਲੈ ਗਏ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਥਾਣਾ ਹਰੀਕੇ ਨੂੰ ਸੂਚਿਤ ਕੀਤਾ ਜਾ ਚੁੱਕਾ ਹੈ।

ਇਸ ਸੰਬੰਧੀ ਸੰਪਰਕ ਕਰਨ ਤੇ ਥਾਣਾ ਮੁਖੀ ਕੇਵਲ ਸਿੰਘ ਨੇ ਦੱਸਿਆ ਕਿ ਸਾਡੇ ਵੱਲੋਂ ਮਾਮਲੇ ਦੀ ਉੱਚ ਪੱਧਰੀ ਜਾਂਚ ਅਰੰਭ ਕਰਦਿਆਂ ਵੱਖ ਵੱਖ ਪਹਿਲੂਆਂ ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਜਲਦੀ ਸਲਾਖਾਂ ਪਿੱਛੇ ਹੋਣਗੇ।

ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਦੀ ਮੀਟਿੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਅੰਮ੍ਰਿਤਸਰ ਦੀ ਮੀਟਿੰਗ ਪ੍ਰਧਾਨ ਭੁਪਿੰਦਰ ਸਿੰਘ ਤੀਰਥਪੁਰਾ ਦੀ ਪ੍ਰਧਾਨਗੀ ਹੇਠ ਨਵਾਂ ਪਿੰਡ ਵਿਖੇ ਹੋਈ। ਜਿਸ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਲਖਬੀਰ ਸਿੰਘ ਨਿਜਾਮਪੁਰ ਨੇ ਕਿਹਾ ਕਿ ਇਸ ਵੇਲੇ ਸਬਜ਼ੀਆਂ ਦੇ ਸਜ਼ਨ ਅੰਦਰ ਆਲੂ, ਮਟਰ ਅਤੇ ਬੀਨ ਦੇ ਥੋਕ ਭਾਅ ਵਿੱਚ ਭਾਰੀ ਗਿਰਾਵਟ ਆਈ ਹੈ। ਜਿਸ ਨਾਲ ਸਬਜ਼ੀ ਉਤਪਾਦਕ ਕਿਸਾਨਾਂ ਦੇ ਲਾਗਤ ਖਰਚੇ ਵੀ ਪੂਰੇ ਨਹੀਂ ਹੋ ਰਹੇ। ਉਨ੍ਹਾਂ ਕਿਹਾ ਕਿ ਆਲੂਆਂ ਦੀ ਪੈਦਾਵਾਰ ਉੱਪਰ ਹੀ 40,000 ਰੁਪਏ ਅਤੇ ਮਟਰਾਂ / ਬੀਨ ਦੀ ਖੇਤੀ ਉੱਪਰ ਪ੍ਰਤੀ ਏਕੜ 35,000 ਰੁਪਏ ਤੋਂ ਵੱਧ ਦਾ ਖਰਚਾ ਆਉਂਦਾ ਹੈ। ਅੱਜ ਮੰਡੀ ਅੰਦਰ ਆਲੂ ਦਾ ਰੇਟ ਸਿਰਫ 4 ਰੁਪਏ ਪ੍ਰਤੀ ਕਿਲੋ, ਮਟਰਾਂ ਅਤੇ ਬੀਨ ਦਾ ਰੇਟ 12 ਰੁਪਏ ਪ੍ਰਤੀ ਕਿਲੋ ਹੈ।

ਜਥੇਬੰਦੀ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਆਲੂਆਂ ਦਾ ਘੱਟੋ ਘੱਟ ਭਾਅ 10 ਰੁਪਏ ਪ੍ਰਤੀ ਕਿਲੋ ਤੈਅ ਕਰਕੇ ਪੰਜਾਬ ਸਰਕਾਰ ਮਾਰਕਫੈੱਡ ਰਾਹੀਂ ਖਰੀਦ ਕਰੇ। ਇਸੇ ਤਰ੍ਹਾਂ ਬਾਕੀ ਸਬਜ਼ੀਆਂ ਬਾਰੇ ਵੀ ਕੇਰਲਾ ਸਰਕਾਰ ਦੀ ਤਰ੍ਹਾਂ ਸਬਜ਼ੀਆਂ ਦੀ ਐਮ ਐਸ ਪੀ ਤੈਅ ਕਰਕੇ ਉਸ ਦੀ ਖਰੀਦ ਯਕੀਨੀ ਬਣਾ ਕੇ ਕਿਸਾਨਾਂ ਦੀ ਬਾਂਹ ਫੜੇ। ਇਸ ਸੰਕਟ ਦੀ ਸਭ ਤੋਂ ਵੱਧ ਮਾਰ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲਿਆਂ ਨੂੰ ਪੈ ਰਹੀ ਹੈ। ਇਸ ਲਈ ਜਿਥੇ ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਉਥੇ ਕੇਂਦਰ ਸਰਕਾਰ ਨੂੰ ਪਾਕਿਸਤਾਨ ਨਾਲ ਵਪਾਰ ਵਾਸਤੇ ਵਾਘਾ ਬਾਰਡਰ ਖੋਲ੍ਹ ਕੇ ਕਿਸਾਨਾਂ ਨੂੰ ਫੌਰੀ ਰਾਹਤ ਦੇਣੀ ਚਾਹੀਦੀ ਹੈ। ਅੱਜ ਦੀ ਮੀਟਿੰਗ ਅੰਦਰ ਜਥੇਬੰਦੀ ਦੇ ਪ੍ਰਮੁੱਖ ਆਗੂ ਤਰਸੇਮ ਸਿੰਘ ਨੰਗਲ, ਕਰਨੈਲ ਸਿੰਘ, ਜਰਨੈਲ ਸਿੰਘ, ਨਿਰਮਲ ਸਿੰਘ, ਗੁਰਮੇਜ ਸਿੰਘ, ਪ੍ਰਤਾਪ ਸਿੰਘ, ਜਸਪਾਲ ਸਿੰਘ, ਬਲਵੰਤ ਸਿੰਘ, ਬਲਦੇਵ ਸਿੰਘ, ਹਰਜੀਤ ਸਿੰਘ, ਧਰਮਿੰਦਰ ਸਿੰਘ, ਪ੍ਰਤਾਪ ਸਿੰਘ ਛਾਪਾ ਆਦਿ ਹਾਜ਼ਰ ਸਨ।

ਇੰਸਪੈਕਟਰ ਕਵਲਜੀਤ ਰਾਏ ਨੇ ਥਾਣਾ ਮੁਖੀ ਸਰਹਾਲੀ ਵਜੋਂ ਅਹੁਦਾ ਸੰਭਾਲਿਆ

ਤਰਨ ਤਾਰਨ/ਭਿੱਖੀਵਿੰਡ/ਖਾਲੜਾ (ਪ੍ਰਿਤਪਾਲ ਸਿੰਘ/ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਇੰਸਪੈਕਟਰ ਕਵਲਜੀਤ ਰਾਇ ਨੇ ਥਾਣਾ ਸਰਹਾਲੀ ਦੇ ਮੁਖੀ ਵਜੋਂ ਚਾਰਜ ਸੰਭਾਲ ਕੇ ਕੰਮਕਾਜ ਆਰੰਭ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਇੰਸਪੈਕਟਰ ਕੰਵਲਜੀਤ ਰਾਇ ਬਤੌਰ ਟਰੈਫਿਕ ਇੰਚਾਰਜ ਤਰਨ ਤਾਰਨ ਵਿਖੇ ਸੇਵਾਵਾਂ ਨਿਭਾ ਚੁੱਕੇ ਹਨ। ਚਾਰਜ ਸੰਭਾਲਣ ਉਪਰੰਤ 'ਨਵਾਂ ਜਮਾਨਾ' ਨਾਲ ਗੱਲਬਾਤ ਕਰਦਿਆਂ ਐੱਸ ਐੱਚ ਓ ਕਵਲਜੀਤ ਰਾਇ ਨੇ ਕਿਹਾ ਕਿ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਐੱਸ ਐੱਸ ਪੀ ਅਸ਼ਵਨੀ ਕਪੂਰ ਵੱਲੋਂ ਸੌਂਪੀ ਗਈ ਹੈ, ਉਸ ਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਕਵਲਜੀਤ ਰਾਇ ਨੇ ਕਿਹਾ ਕਿ ਥਾਣਾ ਸਰਹਾਲੀ ਅਧੀਨ ਆਉਂਦੇ ਪਿੰਡਾਂ ਅੰਦਰ ਅਮਨ-ਸ਼ਾਂਤੀ ਕਾਇਮ ਰੱਖਣਾ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਉਨ੍ਹਾਂ ਦਾ ਮੁੱਖ ਟੀਚਾ ਹੈ। ਇਸ ਮੌਕੇ ਉਨ੍ਹਾਂ ਇਲਾਕੇ ਅੰਦਰ ਸਮਾਜ ਵਿਰੋਧੀ ਗਤੀਵਿਧੀਆਂ ਕਰਨ ਵਾਲਿਆਂ ਨੂੰ ਆਪਣੀਆਂ ਆਦਤਾਂ ਸੁਧਾਰ ਕੇ ਚੰਗਾ ਰਸਤਾ ਫੜਨ ਦੀ ਸਲਾਹ ਦਿੱਤੀ ਅਤੇ ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨਾਂ ਨੂੰ ਪੰਜਾਬ ਸਰਕਾਰ ਦੁਆਰਾ ਖੋਲ੍ਹੇ ਗਏ ਨਸ਼ਾ ਮੁਕਤੀ ਕੇਂਦਰਾਂ 'ਚ ਇਲਾਜ ਕਰਵਾ ਕੇ ਸਮਾਜ ਦੀ ਮੁੱਖਧਾਰਾ 'ਚ ਆਉਣਾ ਦਾ ਸੰਦੇਸ਼ ਦਿੱਤਾ। ਇਸ ਮੌਕੇ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਆਲਾ-ਦੁਆਲਾ ਸੁਰੱਖਿਅਤ ਬਣਾਉਣ ਲਈ ਸ਼ੱਕੀ ਵਿਅਕਤੀਆਂ 'ਤੇ ਸਮਾਜ ਵਿਰੋਧੀ ਅਨਸਰਾਂ ਦੀ ਇਤਲਾਹ ਤੁਰੰਤ ਥਾਣੇ ਦੇਣ ਤਾਂ ਜੋ ਅਜਿਹੇ ਸਮਾਜ ਵਿਰੋਧੀ ਅਨਸਰਾਂ 'ਤੇ ਨਕੇਲ ਕੱਸੀ ਜਾ ਸਕੇ।

ਸ਼ਾਰਟ ਸਰਕਟ ਨਾਲ ਘਰ ਦਾ ਸਾਰਾ ਸਮਾਨ ਸੜ ਕੇ ਸੁਆਹ

ਮੀਆਂਵਿੰਡ (ਰਵੀ ਖਹਿਰਾ) ਜਿਲ੍ਹਾ ਤਰਨ ਤਾਰਨ ਦੇ ਪਿੰਡ ਜਲਾਲਾਬਾਦ ਵਿਖੇ ਬਿਜਲੀ ਦੇ ਸ਼ਾਰਟ ਸਰਕਟ ਨਾਲ ਘਰ ਦਾ ਸਾਰਾ ਸਮਾਨ ਸੜ ਕੇ ਸੁਆਹ ਹੋਣ ਦੀ ਘਟਨਾ ਵਾਪਰੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਰਿਵਾਰਿਕ ਮੈਂਬਰਾਂ ਜਸਬੀਰ ਕੌਰ, ਰਾਜਪਾਲ ਸਿੰਘ ਨੇ ਦੱਸਿਆ ਕਿ ਅਸੀ 9 ਵਜੇ ਕਰੀਬ ਸਵੇਰੇ ਘਰੋਂ ਆਪਣੇ ਕੰਮ ਕਾਜ ਲਈ ਬਾਹਰ ਗਏ ਹੋਏ ਸੀ ਘਰ ਵਿਚ ਕੇਵਲ ਬੱਚੇ ਅਤੇ ਸਾਡੀ ਨਹੁੰ ਹੀ ਮੌਜੂਦ ਸੀ, ਜਿਨ੍ਹਾਂ ਨੂੰ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਘਰੋਂ ਬਾਹਰ ਕੱਢਿਆ ਗਿਆ ਅਤੇ ਸਾਨੂੰ ਫੋਨ ਕਰਕੇ ਘਟਨਾ ਬਾਰੇ ਜਾਣਕਾਰੀ ਦਿੱਤੀ ਇਹ ਘਟਨਾ ਇਨਵਰਟਰ ਦੀ ਤਾਰ ਸ਼ਾਰਟ ਹੋਣ ਤੋ ਬਾਅਦ ਵਾਪਰੀ ਹੈ ਸਾਡੇ ਘਰ ਦਾ ਸਾਰਾ ਸਮਾਨ ਅਲਮਾਰੀਆਂ, ਬੈੱਡਾਂ ਅਤੇ ਸਾਰਾ ਫਰਨੀਚਰ ਵੀ ਸੜ ਕੇ ਸੁਆਹ ਹੋ ਚੁੱਕਾ ਹੈ ਇਸ ਮੌਕੇ ਪਰਿਵਾਰਿਕ ਮੈਂਬਰਾਂ ਨੇ ਪ੍ਰਸ਼ਾਸਨ ਅਤੇ ਸਮਾਜ ਸੇਵੀ ਸੰਸਥਾਵਾਂ ਕੋਲੋਂ ਮਦਦ ਦੀ ਗੁਹਾਰ ਲਗਾਈ ਹੈ।

ਅੰਤਰਰਾਸ਼ਟਰੀ ਮਿਲਟ ਦਿਵਸ 'ਤੇ ਨੁੱਕੜ ਨਾਟਕ

ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ) ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ ਸੰਤ ਬਾਬਾ ਤਾਰਾ ਸਿੰਘ ਵੱਲੋਂ ਸੰਨ 1970 'ਚ ਕੀਤੀ ਗਈ ਸੀ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਦੀ ਰਹਿਨੁਮਾਈ ਹੇਠ ਕਾਲਜ 'ਚ ਵਿਦਿਆਰਥੀਆਂ ਨੂੰ ਸਿਰਫ਼ ਮਿਆਰੀ ਵਿਦਿਆ ਹੀ ਪ੍ਰਦਾਨ ਨਹੀ ਕੀਤੀ ਜਾ ਰਹੀ ਸਗੋਂ ਉਹਨਾਂ ਦੀ ਸ਼ਖ਼ਸੀਅਤ ਉਸਾਰੀ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਕਾਲਜ ਪ੍ਰਿੰਸੀਪਲ ਡਾ. ਜਸਬੀਰ ਸਿੰਘ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਉਪਰਾਲੇ ਤਹਿਤ ਕਾਲਜ ਦੇ ਐਨ ਸੀ ਸੀ ਯੂਨਿਟ ਵੱਲੋਂ ਵਿਸ਼ੇਸ਼ ਉਪਰਾਲਾ ਕਰਕੇ ਅੰਤਰਰਾਸ਼ਟਰੀ ਮਿਲਟ ਦਿਵਸ 'ਤੇ ਇੱਕ ਨੁਕੜ ਨਾਟਕ ਦਾ ਆਯੋਜਨ ਕੀਤਾ ਗਿਆ। ਇਸ ਨਾਟਕ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਟਿਕਾਊ ਅਤੇ ਸਿਹਤਮੰਦ ਖੁਰਾਕ 'ਚ ਜਵਾਰ, ਬਾਜਰਾ, ਰਾਗੀ ਅਤੇ ਰਾਹੀ ਦੇ ਪੌਸ਼ਟਿਕ ਲਾਭਾਂ ਪ੍ਰਤੀ ਜਾਗਰੂਕ ਕਰਨਾ ਸੀ। ਐਨ ਸੀ ਸੀ ਕੈਡਿਟਾਂ ਨੇ ਬੜੀ ਬਾਖੂਬੀ ਨਾਲ ਨਾਟਕ ਦੀ ਪੇਸ਼ਕਾਰੀ ਵਿੱਚ ਇਹਨਾਂ ਮਿਲਟ ਨੂੰ ਸ਼ਾਮਲ ਕਰਨ ਅਤੇ ਇਸ ਪ੍ਰਾਚੀਨ ਭਾਰਤੀ ਖੁਰਾਕ ਨੂੰ ਆਪਣੀ ਰੋਜ਼ਮਰਾ ਦੀ ਖੁਰਾਕ 'ਚ ਸ਼ਾਮਲ ਕਰਨਾ ਦਾ ਮੰਚਨ ਕੀਤਾ। ਇਸ ਮੌਕੇ ਪ੍ਰਬੰਧਕੀ ਕਮੇਟੀ ਦੇ ਆਨਰੇਰੀ ਸਕੱਤਰ ਹਰਜਿੰਦਰ ਸਿੰਘ ਬਿਲਿਆਂਵਾਲਾ, ਐਨ ਸੀ ਸੀ ਯੂਨਿਟ ਦੇ ਲੈਫਟਿਨੈਂਟ ਪ੍ਰੋ. ਜਸਪਾਲ ਸਿੰਘ, ਡਾ.ਪਰਮਜੀਤ ਸਿੰਘ, ਡਾ. ਅਮਨਦੀਪ ਸਿੰਘ, ਡਾ. ਕੰਵਲਪ੍ਰੀਤ ਕੌਰ ਅਤੇ ਡਾ. ਸੂਮੀ ਅਰੋੜਾ ਹਾਜ਼ਰ ਸਨ।

ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਕੇ ਬਜ਼ੁਰਗਾਂ ਦੀਆਂ ਪੈਨਸ਼ਨਾਂ ਪਾਵੇ : ਬਲਵਿੰਦਰ ਸਿੰਘ

ਚੋਹਲਾ ਸਾਹਿਬ (ਰਮਨ ਚੱਡਾ) ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਨੁਸ਼ਹਿਰਾ, ਚੋਹਲਾ ਦੇ ਸਾਂਝੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਪੰਜਾਬ ਦੀ ਮਾਨ ਸਰਕਾਰ ਮੁਲਾਜ਼ਮ ਵਰਗ ਨਾਲ ਵੱਡਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ। ਪੰਜਾਬ ਵਿਚ ਸਰਕਾਰ ਬਣਦਿਆਂ ਸਾਰ ਹੀ ਠੇਕਾ ਮੁਲਾਜ਼ਮਾਂ ਨੂੰ ਪੱਕਿਆ ਕਰ ਕੇ ਤਨਖਾਹਾਂ ਵਿੱਚ ਵਾਧਾ ਕੀਤਾ ਜਾਵੇਗਾ ਪਰ ਇਹ ਮਾਮਲਾ ਜਿਉਂ ਦਾ ਤਿਉਂ ਹੀ ਪਿਆ ਹੈ। ਇਸੇ ਕਰਕੇ ਠੇਕਾ ਮੁਲਾਜ਼ਮ ਅਤੇ ਹੋਰ ਮੁਲਾਜ਼ਮ ਹੜਤਾਲ 'ਤੇ ਬੈਠੇ ਹਨ । ਇਸ ਦਾ ਖਮਿਆਜ਼ਾ ਬਜ਼ੁਰਗਾਂ, ਵਿਧਵਾ ਔਰਤਾਂ ਅਤੇ ਅੰਗਹੀਣਾਂ ਨੂੰ ਭੁਗਤਣਾ ਪੈ ਰਿਹਾ ਹੈ। ਮੁਲਾਜ਼ਮਾਂ ਦੀ ਹੜਤਾਲ ਕਰਕੇ ਇਨ੍ਹਾ

16-DEC-PAGE-12.qxd 12/15/2023 10:27 PM Page 1

ਪੈਨਸ਼ਨਰਾਂ ਅਤੇ ਮੁਲਾਜ਼ਮਾਂ ਵੱਲੋਂ ਜ਼ੋਰਦਾਰ ਮੁਜ਼ਾਹਰੇ

ਕੋਟਕਪੂਰਾ (ਰਛਪਾਲ ਭੁੱਲਰ) ਪੰਜਾਬ ਦੇ ਵੱਖ ਵੱਖ ਸਰਕਾਰੀ ਅਤੇ ਅਰਧ ਸਰਕਾਰੀ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਏ ਪੈਨਸਨਰਾਂ ਤੇ ਮੁਲਾਜਮਾਂ, ਆਸਾ ਵਰਕਰਾਂ ਤੇ ਆਂਗਣਵਾੜੀ ਵਰਕਰਾਂ ਵੱਲੋਂ ਪੰਜਾਬ ਮੁਲਾਜਮ ਤੇ ਪੈਨਸਨਰ ਸਾਂਝਾ ਫਰੰਟ ਦੇ ਸੱਦੇ 'ਤੇ ਸ਼ੁੱਕਰਵਾਰ ਡਿਪਟੀ ਕਮਿਸਨਰ ਦੇ ਦਫਤਰ ਸਾਹਮਣੇ ਰੋਸ ਰੈਲੀ ਕਰਨ ਤੋਂ ਬਾਅਦ ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਮਾਨ ਦਾ ਪੁਤਲਾ ਫੂਕਿਆ ਅਤੇ ਪੰਜਾਬ ਸਰਕਾਰ ਦੇ ਖਿਲਾਫ ਤਿੱਖੀ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਤੇ ਸੰਬੋਧਨ ਕਰਦੇ ਹੋਏ ਪੰਜਾਬ ਮੁਲਾਜਮ ਅਤੇ ਪੈਨਸਨਰਜ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਦੇ ਆਗੂ ਪ੍ਰੇਮ ਚਾਵਲਾ, ਇੰਦਰਜੀਤ ਸਿੰਘ ਖੀਵਾ, ਪ੍ਰਿੰਸੀਪਲ ਕ੍ਰਿਸਨ ਲਾਲ, ਵੀਰ ਇੰਦਰਜੀਤ ਸਿੰਘ ਪੁਰੀ, ਅਸੋਕ ਕੌਸਲ, ਕੁਲਵੰਤ ਸਿੰਘ ਚਾਨੀ, ਆਸਾ ਵਰਕਰ ਆਗੂ ਸਿੰਬਲਜੀਤ ਕੌਰ ਝੱਖੜ ਵਾਲਾ, ਆਂਗਣਵਾੜੀ ਵਰਕਰ ਆਗੂ ਕ੍ਰਿਸਨਾ ਦੇਵੀ ਔਲਖ ਇਕਬਾਲ ਸਿੰਘ ਢੁੱਡੀ ਜਿਲਾ ਪ੍ਰਧਾਨ, ਬਲਕਾਰ ਸਿੰਘ ਮੰਡੀ ਬੋਰਡ ਜਿਲਾ ਜਨਰਲ ਸਕੱਤਰ ਕਲਾਸ ਫੋਰ ਯੂਨੀਅਨ, ਪੈਰਾ ਮੈਡੀਕਲ ਸਟਾਫ ਸਿਹਤ ਵਿਭਾਗ ਦੇ ਆਗੂ ਜਸਮੇਲ ਸਿੰਘ, ਬਾਬੂ ਸਿੰਘ, ਮਨਦੀਪ ਸਾਦਿਕ, ਸੁਖਵਿੰਦਰ ਸਿੰਘ ਪ੍ਰਧਾਨ ਕਲਾਸ ਫੋਰ ਯੂਨੀਅਨ ਸਿਹਤ ਵਿਭਾਗ, ਰਣਜੀਤ ਸਿੰਘ, ਭਰਾਤਰੀ ਜਥੇਬੰਦੀਆਂ ਦੇ ਆਗੂ ਸੁਖਜਿੰਦਰ ਸਿੰਘ ਤੂੰਬੜ ਭੰਨ, ਗੋਰਾ ਸਿੰਘ ਪਿਪਲੀ, ਬਲਵੀਰ ਸਿੰਘ ਔਲਖ, ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਤੇ ਪ੍ਰਦੀਪ ਸਿੰਘ ਬਰਾੜ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਪੈਨਸਨਰਾਂ, ਆਊਟ ਸੋਰਸ,

ਕੱਚੇ, ਠੇਕਾ ਆਧਾਰਤ ਤੇ ਰੈਗੂਲਰ ਮੁਲਾਜਮਾਂ ਅਤੇ ਸਕੀਮ ਵਰਕਰਾਂ ਦੀ ਆਪਣੇ 21 ਮਹੀਨੇ ਦੇ ਕਾਰਜ ਕਾਲ ਦੌਰਾਨ ਕੋਈ ਵੀ ਸਾਰ ਨਾ ਲੈਂਦੇ ਹੋਏ ਹੁਣ ਤੱਕ ਇੱਕ ਮੰਗ ਵੀ ਪੂਰੀ ਨਹੀਂ ਕੀਤੀ। ਉਹਨਾਂ ਅੱਗੇ ਕਿਹਾ ਕਿ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ ਯੂਨੀਅਨ ਪੰਜਾਬ ਦੇ ਸੱਦੇ ਤੇ ਸਮੂਹ ਦਫਤਰੀ ਕਾਮੇ 8 ਨਵੰਬਰ ਤੋਂ ਕਲਮ ਛੋੜ ਹੜਤਾਲ ਤੇ ਚੱਲ ਰਹੇ ਹਨ ਪਰ ਮੁੱਖ ਮੰਤਰੀ ਪੰਜਾਬ ਕੋਲ ਸਮੂਹ ਪੈਨਸਨਰਾਂ ਅਤੇ ਮੁਲਾਜਮਾਂ ਦੀ ਗੱਲ ਸੁਣਨ ਲਈ ਕੋਈ ਟਾਈਮ ਨਹੀਂ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਸਮੂਹ ਪੈਨਸਨਰ, ਸਮੂਹ ਦਰਜਾ ਚਾਰ ਮੁਲਾਜਮ ਤੋਂ ਦਰਜਾ ਇੱਕ ਤੱਕ ਦੇ ਅਧਿਕਾਰੀ ਇਸ ਸਮੇਂ ਕੇਂਦਰ ਸਰਕਾਰ ਤੇ ਕਈ ਹੋਰ ਰਾਜਾਂ ਦੇ ਮੁਲਾਜਮਾਂ ਨਾਲੋਂ 12 ਫੀਸਦੀ ਮਹਿੰਗਾਈ ਭੱਤਾ ਘੱਟ ਲੈ ਰਹੇ ਹਨ, ਪੰਜਾਬ ਸਰਕਾਰ ਵੱਲ ਡੀ ਏ ਦੀਆਂ ਤਿੰਨ ਕਿਸਤਾਂ ਬਕਾਇਆ ਖੜੀਆਂ ਹਨ, ਪੰਜਾਬ ਦੇ ਛੇਵੇਂ ਤਨਖਾਹ ਕਮਿਸਨ ਦੀਆਂ ਸਿਫਾਰਸਾਂ ਅਨੁਸਾਰ ਪੰਜਾਬ ਸਰਕਾਰ ਵੱਲ ਸਾਢੇ ਪੰਜ ਸਾਲਾਂ ਦਾ ਤਨਖਾਹ ਅਤੇ ਪੈਨਸਨਾਂ ਦਾ ਬਕਾਇਆ ਪੈਂਡਿੰਗ ਪਿਆ ਹੈ, ਤਨਖਾਹ ਕਮਿਸਨ ਦੀਆਂ ਸਿਫਾਰਸਾਂ ਅਨੁਸਾਰ ਪੈਨਸਨ ਸੋਧ 2.59 ਗੁੰਨਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਜਨਵਰੀ 2016 ਤੋਂ 30 ਜੂਨ 2021 ਦਰਮਿਆਨ ਰਿਟਾਇਰ ਹੋਏ ਪੈਨਸਨਰਾਂ ਨੂੰ ਸੋਧੀ ਲੀਵ ਇਨਕੈਸਮੈਂਟ ਨਹੀਂ ਦਿੱਤੀ ਜਾ ਰਹੀ, ਲਗਭਗ ਇੱਕ ਸਾਲ ਪਹਿਲਾਂ ਪੰਜਾਬ ਮੰਤਰੀ ਮੰਡਲ ਵੱਲੋਂ ਪੁਰਾਣੀ ਪੈਨਸਨ ਸਕੀਮ ਨੂੰ ਬਹਾਲ ਕਰਨ ਦਾ ਫੈਸਲਾ ਅਜੇ ਤੱਕ ਅਮਲੀ ਰੂਪ ਵਿੱਚ ਲਾਗੂ ਨਹੀਂ ਹੋਇਆ, ਪੰਜਾਬ ਸਰਕਾਰ ਨੇ ਅਜੇ ਤੱਕ ਇੱਕ ਵੀ ਠੇਕਾ ਆਧਾਰਤ ਅਤੇ ਆਊਟਸੋਰਸ ਮੁਲਾਜਮ ਨੂੰ ਪੱਕਾ ਨਹੀਂ ਕੀਤਾ ਤੇ ਨਾ ਹੀ ਮੁਲਾਜਮਾਂ ਦੀਆਂ ਤਨਖਾਹਾਂ ਵਿੱਚ ਅਜੇ ਤੱਕ ਕੋਈ ਵਾਧਾ ਕੀਤਾ ਹੈ, ਆਸਾ ਵਰਕਰਾਂ, ਮਿਡ ਡੇ ਮੀਲ ਵਰਕਰਾਂ ਅਤੇ ਆਂਗਨਵਾੜੀ ਵਰਕਰਾਂ ਨੂੰ ਘੱਟ ਉਜਰਤਾਂ ਦੇ ਕੇ ਇਹਨਾਂ ਸਾਰਿਆਂ ਦਾ ਆਰਥਿਕ ਸੋਸਣ ਕੀਤਾ ਜਾ ਰਿਹਾ ਹੈ ਤੇ ਘੱਟੋ ਘੱਟ ਉਜਰਤ ਕਨੂੰਨ ਵੀ ਲਾਗੂ ਨਹੀਂ ਕੀਤਾ ਜਾ ਰਿਹਾ। ਆਗੂਆਂ ਨੇ ਐਲਾਨ ਕੀਤਾ ਕਿ ਜਨਵਰੀ ਅਤੇ ਫਰਵਰੀ ਮਹੀਨੇ ਦੇ ਦੌਰਾਨ ਆਮ ਆਦਮੀ ਪਾਰਟੀ ਦੇ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਅੱਗੇ ਭਰਵੇਂ ਇਕੱਠ ਕਰਕੇ ਰੋਸ ਪ੍ਰਦਰਸਨ ਕੀਤੇ ਜਾਣਗੇ ਅਤੇ ਇਹਨਾਂ ਦਾ ਘਿਰਾਓ ਕੀਤਾ ਜਾਵੇਗਾ। ਇਸ ਤੋਂ ਇਲਾਵਾ ਕੇਂਦਰੀ ਟਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਉਲੀਕੇ ਗਏ ਸਾਰੇ ਸਾਂਝੇ ਪ੍ਰੋਗਰਾਮ ਪੂਰੀ ਸਰਗਰਮੀ ਨਾਲ ਜਿਲਾ ਫਰੀਦਕੋਟ ਵਿੱਚ ਲਾਗੂ ਕੀਤੇ ਜਾਣਗੇ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਕੁਲਬੀਰ ਸਿੰਘ ਸਰਾਵਾਂ ਪਸੂ ਪਾਲਣ ਵਿਭਾਗ, ਜੋਤੀ ਪ੍ਰਕਾਸ ਮੰਡੀ ਬੋਰਡ, ਗੇਜ ਰਾਮ ਭੋਰਾ, ਸ਼ਿਵ ਨਾਥ ਦਰਦੀ ਸੁਖਚੈਨ, ਸਿੰਘ ਥਾਂਦੇ ਵਾਲਾ, ਆਸਾ ਵਰਕਰਾਂ ਦੇ ਆਗੂ ਮਨਜੀਤ ਕੌਰ ਜੈਤੋ, ਸੁਖਮੰਦਰ ਕੌਰ ਮੱਤਾ, ਨਿਰਮਲ ਕੌਰ, ਗੁਰਦੀਪ ਕੌਰ, ਗਗਨਵਾੜੀ ਵਰਕਰ ਆਗੂ ਵੀਨਾ ਰਾਣੀ, ਅਰਜਨ ਸਿੰਘ, ਮਦਨ ਲਾਲ ਲੈਕਚਰਾਰ, ਬਿਸਨ ਦਾਸ ਅਰੋੜਾ, ਵੇਦ ਪ੍ਰਕਾਸ ਸਰਮਾ, ਪ੍ਰਿੰਸੀਪਲ ਜੋਗਿੰਦਰ ਸਿੰਘ, ਸੁਰਿੰਦਰ ਗੁਪਤਾ, ਸੋਹਣ ਸਿੰਘ ਆਜੀਜ, ਸੰਤੋਖ ਸਿੰਘ ਸੁਪਰਡੈਂਟ, ਮਨਜੀਤ ਸਿੰਘ, ਬਲਦੇਵ ਕ੍ਰਿਸਨ, ਗੁਰਦੇਵ ਸਿੰਘ, ਦਲਜੀਤ ਸਿੰਘ, ਰਾਜ ਧਾਲੀਵਾਲ, ਨਛੱਤਰ ਸਿੰਘ, ਦਿਲਪ੍ਰੀਤ ਸਿੰਘ ਤੇ ਗੁਰਚਰਨ ਸਿੰਘ ਆਦਿ ਹਾਜਰ ਸਨ।

ਕੋਟਕਪੂਰਾ (ਰਛਪਾਲ ਭੁੱਲਰ) : ਜੈਤੋ ਤਹਿਸੀਲ ਦੇ ਪੈਨਸ਼ਨਰਾਂ, ਮੁਲਾਜ਼ਮਾਂ ਅਤੇ ਆਸ਼ਾ ਵਰਕਰਾਂ ਨੇ ਸਥਾਨਕ ਐਸ ਡੀ ਐਮ ਦਫਤਰ ਸਾਹਮਣੇ ਪੰਜਾਬ ਸਰਕਾਰ ਦੇ ਖਿਲਾਫ ਤਿੱਖੀ ਨਾਅਰੇਬਾਜ਼ੀ ਕਰਕੇ ਪੰਜਾਬ ਸਰਕਾਰ ਦੇ ਅਰਥੀ ਫੂਕੀ ਗਈ। ਇਸ ਮੌਕੇ ਤੇ ਸੰਬੋਧਨ ਕਰਦੇ ਹੋਏ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਫਰੀਦਕੋਟ ਦੇ ਆਗੂ ਪ੍ਰੇਮ ਚਾਵਲਾ, ਪ੍ਰਿੰਸੀਪਲ ਕ੍ਰਿਸ਼ਨ ਲਾਲ, ਪ੍ਰਕਾਸ਼ ਸਿੰਘ ਜੈਤੋ, ਦਰਸ਼ਨ ਸਿੰਘ ਅਜਿੱਗਿੱਲ, ਸੂਬਾ ਸਿੰਘ ਰਾਮੇਆਣਾ, ਗੁਰਮੀਤ ਸਿੰਘ ਜੈਤੋ, ਕੁਲਵੰਤ ਸਿੰਘ ਚਾਨੀ, ਨਰਿੰਦਰਜੀਤ ਸਿੰਘ ਬਿਜਲੀ ਬੋਰਡ, ਨੇ ਭਗਵੰਤ ਮਾਨ ਸਰਕਾਰ ਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਪੈਨਸ਼ਨਰਾਂ, ਆਊਟ ਸੋਰਸ, ਕੱਚੇ, ਠੇਕਾ ਆਧਾਰਤ ਤੇ ਰੈਗੂਲਰ ਮੁਲਾਜ਼ਮਾਂ ਅਤੇ ਸਕੀਮ ਵਰਕਰਾਂ ਦੀ ਆਪਣੇ 21 ਮਹੀਨੇ ਦੇ ਕਾਰਜ ਕਾਲ ਦੌਰਾਨ ਕੋਈ ਵੀ ਸਾਰ ਨਾ ਲੈਂਦੇ ਹੋਏ ਹੁਣ ਤੱਕ ਇੱਕ ਮੰਗ ਵੀ ਪੂਰੀ ਨਹੀਂ ਕੀਤੀ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸੋਮ ਨਾਥ ਅਰੋੜਾ, ਜਗ ਸਿੰਘ ਬਰਾੜ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਬਲਦੇਵ ਸਿੰਘ, ਮੇਲਾ ਰਾਮ , ਲਛਮਣ ਦਾਸ, ਵੀਰ ਸਿੰਘ, ਪ੍ਰੇਮ ਕੁਮਾਰ, ਮਲਕੀਤ ਸਿੰਘ ਢਿੱਲੋਂ, ਅੰਗਰੇਜ਼ ਸਿੰਘ, ਸੁਰਜੀਤ ਸਿੰਘ ਮੱਤਾ, ਤਰਸੇਮ ਸਿੰਘ ਅਜਿਤਗਿੱਲ, ਬਲਬੀਰ ਸਿੰਘ, ਦੌਲਤ ਸਿੰਘ ਅਨਪੜ ਕੀਰਤਨ ਸਿੰਘ, ਹੇਮ ਰਾਜ, ਬੂਟਾ ਸਿੰਘ ਚੰਦ ਸਿੰਘ, ਬਲਜੀਤ ਸਿੰਘ, ਇਕਬਾਲ ਸਿੰਘ ਬਿਜਲੀ ਬੋਰਡ ਤੇ ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

ਟਰੈਫਿਕ ਪੁਲਸ ਦੇ ਸਹਿਯੋਗ ਨਾਲ ਵਹੀਕਲਾਂ ਨੂੰ ਲਗਾਏ ਰਿਫਲੈਕਟਰ

ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ) ਸੰਘਣੀ ਧੁੰਦ ਕਾਰਨ ਹੋ ਰਹੇ ਐਕਸੀਡੈਂਟਾਂ ਨੂੰ ਦੇਖਦੇ ਹੋਏ ਪ੍ਰੈਸ ਕਲੱਬ ਗੁਰੂਹਰਸਹਾਏ ਰਜਿਸਟਰ ਵੱਲੋਂ ਟਰੈਫਿਕ ਪੁਲਸ ਦੇ ਸਹਿਯੋਗ ਨਾਲ ਵਹੀਕਲਾਂ ਤੇ ਰਿਫਲੈਕਟਰ ਲਗਾਏ ਅਤੇ ਐਕਸੀਡੈਂਟ ਦਾ ਕਾਰਨ ਬਣਦੇ ਲਵਾਰਸ ਪਸ਼ੂਆਂ ਦੇ ਗਲਾਂ 'ਚ ਰਿਫਲੈਕਟਰ ਲਮਕਾਏ ਗਏ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰੈਸ ਕਲੱਬ ਗੁਰੂਹਰਸਹਾਏ ਦੇ ਪ੍ਰਧਾਨ ਪਵਨ ਕੰਧਾਰੀ ਨੇ ਦੱਸਿਆ ਕਿ ਧੁੰਦ ਕਾਰਨ ਐਕਸੀਡੈਂਟ ਹੋਣ ਅਤੇ ਹੁੰਦੀਆਂ ਮੌਤਾਂ ਨੂੰ ਰੋਕਣ ਲਈ ਪ੍ਰੈਸ ਕਲੱਬ ਗੁਰੂਹਰਸਹਾਏ ਦੁਆਰਾ ਐਸ.ਐਸ.ਪੀ ਦੀਪਕ ਹਿਲੋਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਟਰੈਫਿਕ ਪੁਲਸ ਦੇ ਸਹਿਯੋਗ ਨਾਲ ਲਾਈਟਾਂ ਵਾਲਾ ਚੌਂਕ ਵਿਖੇ 200 ਦੇ ਕਰੀਬ ਵਾਹਨਾ ਉਪਰ ਰਿਫਲੈਕਟਰ ਲਗਾਏ ਗਏ ਅਤੇ ਕੁਝ ਅਵਾਰਾ ਤੇ ਬੇਸਹਾਰਾ ਗਊਆਂ ਤੇ ਗਲਾਂ 'ਚ ਰਿਫਲੈਕਟਰ ਲਮਕਾਏ ਗਏ ਇਸ ਮੌਕੇ ਬੇਅੰਤ ਫਾਊਂਡੇਸ਼ਨ ਫਿਰੋਜ਼ਪੁਰ ਦੇ ਮੈਂਬਰ ਵਿਨੇਸ਼ ਕੁਮਾਰ ਗਲਹੋਤਰਾ ਨੇ ਮਿਅੰਕ ਫਾਊਂਡੇਸ਼ਨ ਵੱਲੋਂ ਪ੍ਰੈਸ ਕਲੱਬ ਗੁਰੂਹਰਸਹਾਏ ਨੂੰ 500 ਰਿਫਲੈਕਟਰ ਜਲਦ ਹੀ ਦੇਣ ਦਾ ਦਾਅਵਾ ਕੀਤਾ। ਇਸ ਮੌਕੇ ਟਰੈਫਿਕ ਪੁਲਸ ਦੇ ਇੰਚਾਰਜ ਬਲਵਿੰਦਰ ਸਿੰਘ ਘਾਂਗਾ ਏ.ਐਸ.ਆਈ ਬਲਕਰਨ ਸਿੰਘ ਅਤੇ ਜਗਸੀਰ ਸਿੰਘ ਮੌਜੂਦ ਸਨ। ਇਸ ਮੌਕੇ ਸੱਤਪਾਲ ਬਿੰਦ, ਹਰਚਰਨ ਸਿੰਘ ਸੰਧੂ, ਦਲਜੀਤ ਸਿੰਘ ਕਪੂਰ, ਗੁਰਮੇਜ ਬਿੰਦ, ਜਸਵਿੰਦਰ ਮੌਗਾ, ਗੁਰਮੇਲ ਸਿੰਘ ਵਾਰਵਲ, ਮੁਕੇਸ਼ ਗੁਪਤਾ, ਪੱਪੂ ਸੰਦਾ, ਵਿਪਨ ਅਨੇਜਾ ਆਦਿ ਪ੍ਰੈਸ ਕਲੱਬ ਦੇ ਅਹੁਦੇਦਾਰ ਅਤੇ ਮੈਂਬਰ ਹਾਜ਼ਰ ਸਨ।

ਪੀ ਐੱਸ ਈ ਬੀ ਇੰਪਲਾਈਜ਼ ਵੱਲੋਂ ਰੋਸ ਧਰਨਾ ਜਾਰੀ

ਮੱਖੂ (ਰਛਪਾਲ ਸਿੰਘ ਸੰਧੂ) ਪੀ ਐਸ ਈ ਬੀ ਇੰਪਲਾਇੰਜ਼ ਜੁਆਇੰਟ ਫੋਰਮ ਸਬ ਡਵੀਜਨ ਮਖੂ ਦੇ ਸਮੂਹ ਸਾਥੀਆਂ ਵੱਲੋ ਉੱਪ ਮੰਡਲ ਮਖੂ ਵਿਖੇ ਦਫਤਰੀ ਸਟਾਫ ਦੀ ਘਾਟ ਪੂਰਾ ਕਰਨ, ਕਰਮਚਾਰੀਆਂ ਦੀਆਂ ਲਗਾਈਆਂ ਗਈਆਂ ਗੈਰ ਹਾਜ਼ਰੀਆਂ ਨੂੰ ਠੀਕ ਕਰਨ ਅਤੇ ਐਲ ਡੀ ਸੀ ਹਰਪ੍ਰੀਤ ਸਿੰਘ ਦੀ ਬਦਲੀ ਰੱਦ ਕਰਵਾਉਣ ਲਈ ਉੱਪ ਮੰਡਲ ਮਖੂ ਦਫਤਰ ਵਿਖੇ ਸਾਥੀ ਵੱਸਣ ਸਿੰਘ ਪ੍ਰਧਾਨ ਅਤੇ ਸੁਖਵਿੰਦਰ ਸਿੰਘ ਘੁੱਦੂਵਾਲਾ ਪ੍ਰਧਾਨ ਦੀ ਅਗਵਾਈ ਹੇਠ ਲਗਾਇਆ ਧਰਨਾ ਤੀਜੇ ਦਿਨ ਵੀ ਜਾਰੀ ਰਿਹਾ। ਇਸ ਰੋਸ ਧਰਨੇ ਨੂੰ ਹੋਰਨਾਂ ਬੁਲਾਰੇ ਸਾਥੀਆਂ ਤੋਂ

ਇਲਾਵਾ ਦਲੇਰ ਸਿੰਘ ਸੀਨੀਅਰ ਮੀਤ ਪ੍ਰਧਾਨ, ਜਗਦੇਵ ਸਿੰਘ ਮੰਡਲ ਆਗੂ, ਜਸਬੀਰ ਸਿੰਘ ਪੱਟੀ, ਸੁਖਦੇਵ ਸਿੰਘ ਖਜਾਨਚੀ, ਸਤਨਾਮ ਸਿੰਘ ਗੁਰਾਰੀ, ਜੋਗਿੰਦਰ ਸਿੰਘ ਜੇਈ, ਸਤਨਾਮ ਸਿੰਘ ਆਰਏ, ਇਕਬਾਲ ਸਿੰਘ ਜੇਈ, ਸੁਰਜੀਤ ਸਿੰਘ ਚੱਕੀਆਂ, ਹਰਪ੍ਰੀਤ ਸਿੰਘ ਐਲਡੀਸੀ, ਕਪਿਲ ਅਰੋੜਾ ਐਲਡੀਸੀ, ਸੁਰਿੰਦਰ ਐਲਡੀਸੀ, ਬਲਬੀਰ ਸਿੰਘ ਲਹੁਕਾ ਮੀਤ ਪ੍ਰਧਾਨ, ਗੁਰਚਾਨਣ ਸਿੰਘ, ਬਲਕਾਰ ਸਿੰਘ ਅਤੇ ਹੋਰ ਬੁਲਾਰੇ ਸਾਥੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਉੱਪ ਮੰਡਲ ਅਫਸਰ ਮਖੂ ਦਫਤਰੀ ਸਟਾਫ ਪੂਰਾ ਕਰਨ, ਲਗਾਈਆਂ ਗੈਰ ਹਾਜਰੀਆਂ ਨੂੰ ਠੀਕ ਕਰਨ ਅਤੇ ਹਰਪ੍ਰੀਤ ਸਿੰਘ ਐਲਡੀਸੀ ਦੀ ਬਦਲੀ ਰੱਦ ਕਰਨ। ਅਗਰ ਮੁਲਾਜਮਾਂ ਦੀਆਂ ਮੰਗੀਆਂ ਹੋਈਆਂ ਮੰਗਾਂ ਨੂੰ ਲਾਗੂ ਨਾ ਕਰਨ ਅਤੇ ਧਰਨੇ ਦੌਰਾਨ ਕੀਤੀਆਂ ਹੋਈਆਂ ਮੰਗਾਂ ਨੂੰ ਲਾਗੂ ਨਾ ਕਰਨ ਦੀ ਸੂਰਤ ਵਿੱਚ ਆਉਣ ਵਾਲੇ ਸਮੇਂ ਵਿੱਚ ਸੰਘਰਸ਼ ਹੋਰ ਤੇਜ ਕੀਤਾ ਜਾਵੇਗਾ। ਜਿਸ ਦੀ ਜਿੰਮੇਵਾਰੀ ਉੱਪ ਮੰਡਲ ਅਫਸਰ ਮਖੂ ਦੀ ਹੋਵੇਗੀ।

ਰੋਟਰੀ ਕਲੱਬ ਵੱਲੋਂ ਕੌਮੀ ਸੇਵਾ ਯੋਜਨਾ ਕੈਂਪ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਸਰਕਾਰੀ ਮਾਡਲ ਸਕੂਲ ਚੁਨਾਗਰਾ ਵਿਖੇ ਸੱਤ ਰੋਜਾ ਕੌਮੀ ਸੇਵਾ ਯੋਜਨਾ ਕੈਂਪ ਦਾ ਆਗਾਜ਼ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਅਮਨਦੀਪ ਸਿੰਘ ਨੇ ਦੱਸਿਆ ਕਿ ਪੜ੍ਹਾਈ ਦੇ ਨਾਲ ਨਾਲ ਇਹ ਕੈਂਪ ਵੀ ਸਕੂਲਾਂ 'ਚ ਜ਼ਰੂਰੀ ਹਨ। ਇਸ ਨਾਲ ਬੱਚਿਆਂ ਸਰੀਰਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਬੱਚਿਆਂ ਸਮਾਜਿਕ ਕੁਰੀਤੀਆਂ ਬਾਰੇ ਵੀ ਜਾਣਕਾਰ ਹੁੰਦੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਹਰੀਸ ਕੁਮਾਰ, ਕੈਂਪ ਕੋਆਰਡੀਨੇਟਰ ਲਵਕੇਸ ਕੁਮਾਰ, ਸੈਕਟਰੀ ਹਰਮੇਸ਼ ਮੇਸੀ, ਕੈਸ਼ੀਅਰ ਸੰਦੀਪ ਗੁਪਤਾ, ਰਾਕੇਸ਼ ਗਰਗ ਚੇਅਰਮੈਨ ਮਦਰ ਇਡਿਆ, ਜੋਨਲ ਸੈਕਟਰੀ ਨਰਾਇਣ ਗਰਗ, ਅਸ਼ੋਕ ਗਰਗ, ਕੁਨਾਲ ਗੋਇਲ, ਕਪਿਲ ਕੌਸਲ, ਨਰਾਇਣ ਦਾਸ, ਰਾਕੇਸ਼ ਸਿੰਗਲਾ ਚੇਅਰਮੈਨ ਗੁਰੂਕੁਲ ਸਕੂਲ, ਡਾ. ਅਸ਼ੋਕ ਦੇਵ, ਸੋਨੂ ਬਾਸਲ, ਜੀਵਨ ਕੁਮਾਰ, ਰਕੇਸ਼ ਬੱਬਲ, ਗੋਬਿੰਦ ਸਿੰਘ ਵਿਰਦੀ, ਬ੍ਰਿਜ ਲਾਲ, ਵਿਸ਼ਾਲ ਗੋਇਲ, ਸੰਜੀਵ ਕੁਮਾਰ, ਦੀਪਕ ਕੁਮਾਰ ਸ਼ਿਵ ਸ਼ੰਕਰ, ਮਿੰਕਲ ਗਰਗ, ਯੋਗੇਸ਼ ਗਰਗ ਆਦਿ ਮੈਂਬਰ ਹਾਜ਼ਰ ਸਨ।

ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ ਡੀ ਐਸ ਪੀ ਦਫਤਰ ਧਰਨਾ 19 ਨੂੰ

ਮੱਖੂ (ਰਛਪਾਲ ਸਿੰਘ ਸੰਧੂ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜਿਲ੍ਹਾ ਫਿਰੋਜਪੁਰ ਦੇ ਜੋਨ ਮਖੂ ਦੇ ਪ੍ਰਧਾਨ ਵੀਰ ਸਿੰਘ ਨਿਜਾਮਦੀਨ ਵਾਲਾ ਤੇ ਬਲਜਿੰਦਰ ਸਿੰਘ ਤਲਵੰਡੀ

ਨਿਪਾਲਾਂ ਨੇ ਲਿਖਤੀ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਆਏ ਦਿਨ ਸਾਤਰ ਦਿਮਾਗ ਵਿਅਕਤੀਆਂ ਵੱਲੋਂ ਭੋਲੇ ਭਾਲੇ ਲੋਕਾਂ ਨਾਲ ਠੱਗੀ ਮਾਰਨ ਦੇ ਨਵੇਂ ਹੱਥਕੰਡੇ ਅਪਣਾਕੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ ਤੇ ਨੌਕਰੀਆਂ ਲੈਣ ਦੇ ਲਾਲਚ ਵਿੱਚ ਆਕੇ ਖਾਸਕਰ ਨੌਜਵਾਨ ਇਸ ਦਾ ਸ਼ਿਕਾਰ ਹੋ ਰਹੇ ਹਨ। ਇਸੇ ਤਰ੍ਹਾਂ ਹੀ ਇਕ ਸਾਤਰ ਦਿਮਾਗ ਵਿਅਕਤੀ ਵੱਲੋਂ ਬਲਾਕ ਮਖੂ ਦੇ ਪਿੰਡ ਮਰਹਾਣਾ ਦੇ ਇੱਕ ਨੌਜਵਾਨ ਕਮਲਜੀਤ ਸਿੰਘ ਨੂੰ ਓ ਬੀ ਸੀ ਬੈਂਕ 'ਚ ਕਲਰਕ ਦੀ ਨੌਕਰੀ ਦਵਾਉਣ ਵਾਸਤੇ 8 ਲੱਖ 70 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ ਤੇ ਜਥੇਬੰਦੀ ਦੇ ਆਗੂਆਂ ਨਾਲ ਗੱਲਬਾਤ ਕਰਨ ਦੇ ਦਬਾਅ 'ਚ

16-DEC-PAGE-13.qxd 12/15/2023 10:37 PM Page 1

ਜਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਪੰਚਾਇਤੀ ਚੋਣਾਂ 'ਚ ਸਰਕਾਰੀਆ ਦੀ ਅਗਵਾਈ ਹੇਠ ਕਾਂਗਰਸ ਜਿੱਤ ਹਾਸਲ ਕਰੇਗੀ : ਕੱਕੜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਵਿਧਾਨ ਸਭਾ ਹਲਕਾ ਰਾਜਾਸਾਂਸੀ 'ਚ ਵੀ ਕਾਂਗਰਸ ਪਾਰਟੀ ਦੀ ਚੜ੍ਹਤ ਪੰਜਾਬ ਦੇ ਸਾਬਕਾ ਮੰਤਰੀ ਅਤੇ ਰਾਜਾਸਾਂਸੀ ਦੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੀ ਬਦੌਲਤ ਅੱਜ ਵੀ ਪੂਰੀ ਤਰ੍ਹਾਂ ਬਰਕਰਾਰ ਹੈ। ਹਲਕਾ ਰਾਜਾਸਾਂਸੀ ਦਾ ਜਿੰਨਾ ਵੀ ਵਿਕਾਸ ਹੋਇਆ ਹੈ। ਉਹ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਨੇ ਹੀ ਕਰਵਾਇਆ ਹੈ। ਹੋਰ ਕੋਈ ਵੀ ਏਨਾ ਵਿਕਾਸ ਨਾ ਕੋਈ ਕਰਵਾ ਸਕਿਆ ਅਤੇ ਨਾ ਕਰਵਾ ਸਕੇਗਾ। ਸਰਕਾਰੀਆ ਨੇ ਹਲਕਾ ਰਾਜਾਸਾਂਸੀ ਦੀ ਜਨਤਾ ਆਪਣਾ ਪਰਵਾਰ ਹੀ ਸਮਝਦੇ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਬੁਲਾਰਾ ਜਿਲ੍ਹਾ ਕਾਂਗਰਸ ਦਿਹਾਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਕੱਕੜ ਨੇ ਕਿਹਾ ਕਿ ਮਾਨ ਸਰਕਾਰ ਨੇ ਆਪਣੇ ਦੋ ਸਾਲ ਦੇ ਕਾਰਜਕਾਲ ਦੌਰਾਨ ਕੋਈ ਵਿਕਾਸ ਨਹੀਂ ਕਰਵਾਇਆ ਉਲਟਾ ਕਾਂਗਰਸੀਆਂ 'ਤੇ ਪਰਚਾ ਜਰੂਰ ਕਰਵਾਇਆ। ਉਨ੍ਹਾਂ ਕਿਹਾ ਕਿ ਆਪ ਵੱਲੋਂ ਕਾਂਗਰਸੀਆਂ 'ਤੇ ਚਾੜ੍ਹੀ ਜਾ ਰਹੀ ਭਾਜੀ ਆਪ ਸਰਕਾਰ ਨੂੰ ਮਹਿੰਗੀ ਪਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸੀ ਸਰਪੰਚਾਂ ਵੱਲੋਂ ਮਤਾ ਪਵਾਕੇ ਪਿੰਡ ਵਾਸਤੇ ਲਿਆਂਦਾ ਸਮਾਨ ਆਪ ਦੇ ਆਗੂ ਆਪਣੀ ਫੋਕੀ ਸ਼ੌਹਰਤ ਲਈ ਵੰਡ ਰਹੇ ਹਨ ਜਿਸਦੀ ਤਾਜਾ ਮਿਸਾਲ ਪਿੰਡ ਬੱਚੀਵਿੰਡ ਵਿਖੇ ਸਰਪੰਚ ਰੇਸ਼ਮ ਸਿੰਘ ਬੱਚੀਵਿੰਡ ਦੀ ਅਗਵਾਈ ਹੇਠ ਮਤਾ ਪਾਸ ਕਰਵਾ ਕੇ ਲਿਆਂਦੀਆਂ ਠੰਡੇ ਪਾਣੀ ਵਾਲੀਆਂ ਫਰਿੱਜਾਂ ਅਤੇ ਡੈਡਬਾਡੀ ਰੱਖਣ ਵਾਲੀ ਕੈਂਡੀ ਆਪ ਦੇ ਆਗੂ ਨੇ ਪੰਚਾਇਤ ਦੀ ਗੈਰ ਹਾਜ਼ਰੀ 'ਚ ਆਪ ਹੀ ਵੰਡ ਦਿੱਤੀਆਂ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਸਮੇਂ ਲੋਪੋਕੇ ਦੇ ਸ਼ਹੀਦ ਮੇਵਾ ਸਿੰਘ ਖੇਡ ਸਟੇਡੀਅਮ ਵਿੱਚ ਹਰ ਸਾਲ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਖੇਡਾਂ ਕਰਵਾਇਆ ਕਰਦੇ ਸਨ। ਅਕਾਲੀ ਸਰਕਾਰ ਸਮੇਂ ਵੀ ਇਹ ਸਟੇਡੀਅਮ ਨਸ਼ਈਆਂ ਦਾ ਅੱਡਾ ਹੁੰਦਾ ਸੀ। ਕੱਕੜ ਨੇ ਕਿਹਾ ਕਿ ਜਿਸ ਤਰ੍ਹਾਂ ਦੇ ਹੁਣ ਪੰਜਾਬ ਦੇ ਹਾਲਾਤ ਹਨ ਇਹ ਸਟੇਡੀਅਮ ਦੁਬਾਰਾ ਨਸ਼ਈਆਂ ਦਾ ਅੱਡਾ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਨਤਾ ਦੋ ਸਾਲਾਂ ਵਿੱਚ ਹੀ ਇਸ ਸਰਕਾਰ ਤੋਂ ਪੂਰੀ ਤਰ੍ਹਾਂ ਤੰਗ ਆ ਚੁੱਕੀ ਹੈ। ਇਸਦੇ ਆਪਣੇ ਆਗੂਆਂ ਅਤੇ ਵਰਕਰਾਂ ਨੇ ਆਪ ਦਾ ਸਾਥ ਛੱਡਣਾਂ ਸ਼ੁਰੂ ਕਰ ਦਿੱਤਾ ਹੈ। ਕੱਕੜ ਨੇ ਦਾਅਵਾ ਕਰਦਿਆਂ ਕਿਹਾ ਕਿ ਆ ਰਹੀਆਂ ਲੋਕ ਸਭਾ, ਜਿਲ੍ਹਾ ਪ੍ਰੀਸ਼ਦ ਬਲਾਕ ਸੰਮਤੀ, ਪੰਚਾਇਤ ਚੋਣਾਂ ਹਲਕਾ ਰਾਜਾਸਾਂਸੀ ਦੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਦਿਲਰਾਜ ਸਿੰਘ ਸਰਕਾਰੀਆ ਦੀ ਯੋਗ ਅਗਵਾਈ ਹੇਠ ਲੜਕੇ ਕਾਂਗਰਸੀ ਉਮੀਦਵਾਰ ਸ਼ਾਨਦਾਰ ਜਿੱਤ ਹਾਸਲ ਕਰਨਗੇ ਅਤੇ ਏਨਾਂ ਚੋਣਾਂ ਤੋਂ ਬਾਅਦ ਆਪ ਸਰਕਾਰ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਵੇਗੀ। ਇਸ ਮੌਕੇ ਉਨ੍ਹਾਂ ਨਾਲ ਹਨ ਐਡਵੋਕੇਟ ਮਨਦੀਪ ਸਿੰਘ ਮੁਹਾਰ, ਗੁਰਦੇਵ ਸਿੰਘ ਸ਼ੂਰਾ, ਹਰਭੇਜ ਸਿੰਘ ਵਣੀਏਕੇ ਪ੍ਰਧਾਨ ਬਲਾਕ ਚੋਗਾਵਾਂ, ਸਰਪੰਚ ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾ, ਜਸਕਰਨ ਸਿੰਘ ਕੋਹਰੀ ਪ੍ਰਧਾਨ ਯੂਥ ਕਾਂਗਰਸ ਰਾਜਾਸਾਂਸੀ, ਸਰਪੰਚ ਨਿਰਵੈਲ ਸਿੰਘ ਚੋਗਾਵਾਂ, ਸਰਪੰਚ ਨਿਸ਼ਾਨ ਸਿੰਘ ਮੰਝ, ਬਲਦੇਵ ਸਿੰਘ ਮੰਝ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਸਰਪੰਚ ਲਵ ਲਦੇਹ, ਸਰਪੰਚ ਮੇਜਰ ਸਿੰਘ ਕੱਕੜ ਮੀਤ ਪ੍ਰਧਾਨ, ਸਰਪੰਚ ਸ਼ਮਸ਼ੇਰ ਸਿੰਘ ਸਾਰੰਗੜਾ, ਦਿਲਬਾਗ ਸਿੰਘ ਖਿਆਲਾ, ਡਾ ਪ੍ਰਗਟ ਸਿੰਘ ਭੁੱਲਰ, ਸਰਪੰਚ ਰੇਸ਼ਮ ਸਿੰਘ ਬੱਚੀਵਿੰਡ, ਸਰਪੰਚ ਅਮਰਜੀਤ ਸਿੰਘ ਜੋਏਕੇ, ਸਰਪੰਚ ਹਰਦੀਪ ਸਿੰਘ ਠੱਠਾ, ਸਰਪੰਚ ਲਖਬੀਰ ਸਿੰਘ ਕੋਹਾਲੀ, ਬਲਵਿੰਦਰ ਸਿੰਘ ਕੋਹਾਲੀ, ਗੁਰਪ੍ਰੀਤ ਸਿੰਘ ਪੰਜੂ ਰਾਏ, ਭੁਪਿੰਦਰ ਸਿੰਘ ਬਿੱਟੂ ਕੱਕੜ, ਸਰਪੰਚ ਸੁਰਜੀਤ ਸਿੰਘ ਰਾਣੀਆਂ, ਸਰਪੰਚ ਬਲਜੀਤ ਸਿੰਘ ਮਰਹੱਟਾ ਪੰਡੋਰੀ, ਰਿੰਕੂ ਚੋਗਾਵਾਂ, ਸੁਖਦੇਵ ਸਿੰਘ ਭੱਗੂਪੁਰ, ਗੁਰਸ਼ਰਨ ਸਿੰਘ ਕੱਕੜ, ਕੁਲਦੀਪ ਸਿੰਘ ਔਲਖ ਚੋਗਾਵਾਂ ਆਦਿ ਹਾਜ਼ਰ ਸਨ।

ਨਿਕਿਤਾ ਪੁਰੀ ਨੇ ਜਿੱਤਿਆ 'ਵਾਇਸ ਆਫ਼ ਪੰਜਾਬ' ਦਾ ਖ਼ਿਤਾਬ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖਾਲਸਾ ਕਾਲਜ ਅੰਮ੍ਰਿਤਸਰ ਦੀ ਵਿਦਿਆਰਥਣ ਨਿਕਿਤਾ ਪੁਰੀ ਨੇ ਪੀ ਟੀ ਸੀ 'ਵਾਇਸ ਆਫ਼ ਪੰਜਾਬ' ਸੀਜ਼ਨ-14ਵਾਂ ਦਾ ਖਿਤਾਬ ਜਿੱਤਿਆ ਹੈ। ਇਸ ਮੌਕੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਨਿਕਿਤਾ ਪੁਰੀ ਦਾ ਕਾਲਜ ਪੁੱਜਣ 'ਤੇ ਮੂੰਹ ਮਿੱਠਾ ਕਰਵਾਉਂਦਿਆਂ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਨਿਕਿਤਾ ਪੁਰੀ ਕਾਲਜ ਦੀ ਹੋਣਹਾਰ ਵਿਦਿਆਰਥਣ ਹੈ ਅਤੇ ਉਸਦੀ ਸਰਵਪੱਖੀ ਕਾਰਗੁਜ਼ਾਰੀ ਸ਼ਲਾਘਾਯੋਗ ਹੈ। ਇਸ ਮੌਕੇ ਯੁਵਕ ਭਲਾਈ ਅਤੇ ਸੱਭਿਆਚਾਰਕ ਗਤੀਵਿਧੀਆਂ ਵਿਭਾਗ ਨੇ ਦੱਸਿਆ ਕਿ ਨਿਕਿਤਾ ਨੇ ਸੰਗੀਤ 'ਚ ਲੋਕ ਗਾਇਕੀ ਅਤੇ ਕਲਾਸੀਕਲ ਗਾਇਕੀ 'ਚ ਯੂਨੀਵਰਸਿਟੀ ਪੱਧਰ 'ਤੇ ਵੱਖ-ਵੱਖ ਪੁਜ਼ੀਸ਼ਨਾਂ ਵੀ ਹਾਸਲ ਕੀਤੀਆਂ ਹਨ। ਇਸ ਤੋਂ ਇਲਾਵਾ ਉਸ ਨੂੰ ਸੈਸ਼ਨ 2022-23 ਦੌਰਾਨ 'ਕਾਲਜ ਕਲਰ' ਵੀ ਪ੍ਰਦਾਨ ਕੀਤਾ ਗਿਆ ਸੀ। ਇਸ ਮੌਕੇ ਪ੍ਰਿੰ: ਡਾ. ਮਹਿਲ ਸਿੰਘ ਅਤੇ ਸਟਾਫ ਨੇ ਨਿਕਿਤਾ ਪੁਰੀ ਨੂੰ ਸੰਗੀਤ 'ਚ ਭਵਿੱਖ ਦੀਆਂ ਸੰਭਾਵਨਾਵਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਰਜਿਸਟਰਾਰ ਡਾ. ਦਵਿੰਦਰ ਸਿੰਘ ਅਤੇ ਡਾ. ਸੁਰਜੀਤ ਕੌਰ ਵੀ ਹਾਜ਼ਰ ਸਨ।

ਮਾਝਾ ਜ਼ੋਨ ਦੀ ਕਰਜ਼ਾ ਮੁਕਤੀ ਰੈਲੀ 28 ਨੂੰ

ਬਟਾਲਾ (ਤਰਲੋਕ ਬੱਗਾ) ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਮਾਂਝਾ ਜੋਨ ਅੰਦਰ ਪ੍ਰਾਈਵੇਟ ਮੈਕਰੋਫੈਇਨਾਸ ਕੰਪਨੀਆਂ ਦੇ ਕਰਜਾ ਮੱਕੜ ਜਾਲ 'ਚ ਫਸੀਆਂ ਦਲਿਤ ਗਰੀਬ ਔਰਤਾਂ ਸਿਰ ਚੜ੍ਹੇ ਕਰਜਾ ਮੁਆਫੀ ਅਤੇ ਕੰਪਨੀਆਂ ਦੀ ਗੁੰਡਾਗਰਦੀ ਨੂੰ ਨੱਥ ਪਾਉਣ ਲਈ ਸੰਘਰਸ਼ ਜਾਰੀ ਹੈ, ਜਿਸ ਦੀ ਅਗਵਾਈ ਮਾਝਾ ਜੋਨ ਦੇ ਇੰਚਾਰਜ ਮਨਜੀਤ ਰਾਜ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਡੀ ਸੀ ਗੁਰਦਾਸਪੁਰ ਵੱਲੋਂ ਕੰਪਨੀਆਂ ਨੂੰ ਨਿਯਮਾਂ ਤਹਿਤ ਕਰਜਾ ਵਸੂਲੀ ਕਰਨ ਦੀ ਹਦਾਇਤ ਵਾਲਾ ਲੈਟਰ ਡੀ ਐਸ ਪੀ ਸਿਟੀ ਨੇ ਮੋਰਚਾ ਵਾਲੀ ਜਗਾਂ 'ਤੇ ਆ ਕੇ ਆਗੂਆਂ ਨੂੰ ਦਿੱਤਾ, ਜਿਸ 'ਚ ਹਦਾਇਤ ਕੀਤੀ ਗਈ ਹੈ ਕਿ ਕਰਜਾ ਵਸੂਲੀ ਲਈ ਕੰਪਨੀਆਂ ਦੇ ਮੁਲਾਜ਼ਮ ਸਵੇਰੇ 9 ਤੋਂ 5 ਵਜੇ ਤੱਕ ਹੀ ਜਾ ਸਕਦੇ। ਜਿਸ ਤੋਂ ਬਾਅਦ ਜਥੇਬੰਦੀ ਨੇ ਪੱਕਾ ਮੋਰਚਾ ਨੂੰ ਸਮਾਪਤ ਕਰ ਦਿੱਤਾ ਹੈ।

ਇਸ ਮੌਕੇ ਮਜਦੂਰਾਂ ਨੂੰ ਸੰਬੋਧਨ ਕਰਦੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਆਗੂ ਮਨਜੀਤ ਰਾਜ ਨੇ ਕਿਹਾ ਕਿ ਭਾਵੇਂ ਜਿਲ੍ਹਾ ਪ੍ਰਸ਼ਾਸਨ ਵੱਲੋਂ ਕੰਪਨੀਆਂ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ ਲੈਟਰ ਜਾਰੀ ਕੀਤੇ ਹੈ। ਜੇਕਰ ਫੇਰ ਵੀ ਕੰਪਨੀਆਂ ਦੀ ਧੱਕੇਸ਼ਾਹੀ ਜਾਰੀ ਰਹੀ ਤਾਂ ਪਿੰਡ, ਪਿੰਡ ਗਰੀਬਾਂ ਨੂੰ ਜਥੇਬੰਦ ਕਰਕੇ ਕੰਪਨੀਆਂ ਦੀ ਗੁੰਡਾਗਰਦੀ ਦਾ ਜਨਤਕ ਤਾਕਤ ਨਾਲ ਟਾਕਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 28 ਦਸੰਬਰ ਨੂੰ ਅੰਮ੍ਰਿਤਸਰ ਡੀ ਸੀ ਦਫਤਰ ਵਿਖੇ ਰੱਖੀ ਮਾਂਝਾ ਜੋਨ ਦੀ ਵਿਸ਼ਾਲ ਕਰਜਾ ਮੁਕਤੀ, ਨਸ਼ਾ ਮੁਕਤੀ ਰੈਲੀ 'ਚ ਅਗਲੇ ਅੰਦੋਲਨ ਦਾ ਐਲਾਨ ਕੀਤਾ ਜਾਵੇਗਾ। ਇਸ ਰੈਲੀ ਨੂੰ ਵਿਸ਼ੇਸ਼ ਤੌਰ 'ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਤੋਂ ਇਲਾਵਾ ਹੋਰ ਮਜ਼ਦੂਰ ਆਗੂ ਵੀ ਸੰਬੋਧਨ ਕਰਨ ਲਈ ਪਹੁੰਚ ਰਹੇ ਹਨ।

ਸਵੀਪ ਮੈਗਾ ਈਵੈਂਟ ਨੂੰ ਸਫਲਤਾ ਪੂਰਵਕ ਨੇਪਰੇ ਚੜ੍ਹਾਉਣ ਵਾਲਿਆਂ ਦਾ ਸਨਮਾਨ

ਮਜੀਠਾ (ਸੋਇਮ ਆਨੰਦ) ਚੋਣ ਕਮਿਸ਼ਨ ਪੰਜਾਬ ਅਤੇ ਪੰਜਾਬ ਸਰਕਾਰ ਦੇ ਜਿਲ੍ਹਾ ਚੋਣ ਅਧਿਕਾਰੀ ਕੰਮ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਹੁਕਮਾਂ ਤਹਿਤ ਸ਼ੁਰੂ ਕੀਤੀ ਗਈ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਅਤੇ ਨਵੀਆਂ ਵੋਟਾਂ ਬਣਨ ਸੰਬੰਧੀ ਵੱਖ ਵੱਖ ਸਮੇਂ ਅਤੇ ਵੱਖ ਵੱਖ ਥਾਵਾਂ 'ਤੇ ਸਵੀਪ ਮੈਗਾ ਈਵੈਂਟ ਦਾ ਆਯੋਜਨ ਕੀਤਾ ਗਿਆ ਸੀ। ਜਿਸ 'ਚ ਇਲਾਕਿਆਂ ਦੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਵੋਟ ਬਣਾਉਣ ਅਤੇ ਵੋਟ ਦੇ ਅਧਿਕਾਰ ਸੰਬੰਧੀ ਲੋਕਾਂ ਨੂੰ ਵਧੀਆਂ ਢੰਗ ਨਾਲ ਜਾਗਰੂਕ ਕੀਤਾ ਗਿਆ ਸੀ। ਸਵੀਪ ਮੈਗਾ ਈਵੈਂਟ ਮੁਹਿੰਮ ਤਹਿਤ ਕਰਵਾਏ ਗਏ ਇੰਨ੍ਹਾਂ ਤਮਾਮ ਪ੍ਰੋਗਰਾਮਾਂ 'ਚ ਚੰਗੀ ਕਾਰਗੁਜਾਰੀ ਨਿਭਾਉਣ ਵਾਲੇ, ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਸਬ ਡਵੀਜਨ ਮਜੀਠਾ ਦੇ ਐਸ ਡੀ ਐਮ ਡਾ: ਹਰਨੂਰ ਕੋਰ ਢਿੱਲੋਂ ਅਤੇ ਸਵੀਪ ਪ੍ਰੋਗਰਾਮ ਦੇ ਨੋਡਲ ਅਫਸਰ ਪ੍ਰਿੰਸੀਪਲ ਰੇਖਾ ਮਹਾਜਨ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਐਸ ਡੀ ਐਮ ਦਫਤਰ ਮਜੀਠਾ ਵਿਖੇ ਕਰਵਾਏ ਇਸ ਸਨਮਾਨ ਪ੍ਰੋਗਰਾਮ 'ਚ ਸਵੀਪ ਮੈਗਾ ਈਵੈਂਟ 'ਚ ਹਿੱਸਾ ਲੈਣ ਵਾਲੇ ਸਬ ਡਵੀਜਨ ਮਜੀਠਾ ਦੇ ਸਰਕਾਰੀ ਸਕੂਲਾਂ ਅਤੇ ਪ੍ਰਾਈਵੇਟ ਅਦਾਰਿਆਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਹਿੱਸਾ ਲਿਆ ਜਿਨ੍ਹਾਂ ਨੂੰ ਐਸ ਡੀ ਐਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਅਤੇ ਮੈਡਮ ਰੇਖਾ ਮਹਾਜਨ ਵਲੋਂ ਸਨਮਾਨ ਪੱਤਰ ਦਿੱਤੇ ਅਤੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ। ਇਸ ਮੌਕੇ ਐਸ ਡੀ ਐਮ ਮਜੀਠਾ ਨਾਲ ਨੋਡਲ ਅਫਸਰ ਪ੍ਰਿੰਸੀਪਲ ਰੇਖਾ ਮਹਾਜਨ, ਤਹਿਸੀਲਦਾਰ ਮਜੀਠਾ ਰਤਨਜੀਤ ਖੁੱਲਰ, ਕਾਨੂੰਗੋ ਦੀਪਕ, ਗੀਡਰ ਵਰਿੰਦਰ ਭਾਟੀਆ ਅਤੇ ਦੀਪਕ ਭੱਟੀ, ਮੇਜਰ ਸਿੰਘ ਮਜੀਠਾ, ਪ੍ਰਿੰਸਿਪਲ ਅਮਨਦੀਪ ਕੌਰ ਚਵਿੰਡਾ ਦੇਵੀ, ਪ੍ਰਿੰਸਿਪਲ ਵਿਨੋਦ ਸ਼ਰਮਾ ਕੋਟਲਾ ਸੁਲਤਾਨ ਸਿੰਘ, ਪ੍ਰਿੰਸਿਪਲ ਵਰੁਨ ਕੁਮਾਰ ਨਾਗ ਕਲਾਂ, ਪ੍ਰਿੰਸੀਪਲ ਲਕਸਿਤਾ ਵਰਮਾ ਸੇਂਟ ਸੋਲਜਰ ਸਕੂਲ, ਹਰਪ੍ਰੀਤ ਸਿੰਘ, ਗਗਨਦੀਪ ਸਿੰਘ, ਸੁੱਚਾ ਸਿੰਘ ਟਰਪਈ ਸਮੇਤ ਵੱਖ ਵੱਖ ਸਕੂਲਾਂ ਦੇ ਪ੍ਰਿੰਸੀਪਲ ਅਤੇ ਅਧਿਆਪਕ ਹਾਜ਼ਰ ਸਨ।

ਨੌਜਵਾਨਾਂ ਨੂੰ ਉਸਾਰੂ ਸੋਚ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ : ਧਾਲੀਵਾਲ

ਅੰਮਿਤਸਰ (ਸੁਖਜਿੰਦਰ ਸਿੰਘ, ਰਾਜੂ ਅਜਨਾਲਾ)-ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਵਿੱਢੀ ਗਈ "ਨਸ਼ਾ ਮੁਕਤ ਪੰਜਾਬ" ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਦਾ ਹੈ ਜਦ ਪਿੰਡਾਂ ਦੇ ਮੋਹਤਬਰ ਪਾਰਟਬਾਜ਼ੀ ਤੋਂ ਉਪਰ ਉਠ ਕੇ ਵੱਡੇ ਵੱਡੇ ਖੇਡ ਮੇਲੇ ਆਪਣੇ ਪੱਧਰ ਉਤੇ ਕਰਵਾਉਣ ਲਈ ਅੱਗੇ ਆ ਜਾਣ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਬਾਬਾ ਬੰਦਾ ਸਿੰਘ ਬਹਾਦਰ ਸਪੋਰਟਸ ਕਲੱਬ ਵੱਲੋਂ ਆਈ ਟੀ ਆਈ ਅਜਨਾਲਾ ਵਿਖੇ ਕਬੱਡੀ ਦੇ ਕਰਵਾਏ ਗਏ ਖੇਡ ਮੇਲੇ ਵਿੱਚ ਸ਼ਿਰਕਤ ਕਰਦੇ ਕੀਤਾ। ਉਨ੍ਹਾ ਖਿਡਾਰੀਆਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨ ਲਈ ਸੱਦਾ ਦਿੱਤਾ। ਉਨ੍ਹਾ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸੂਬਾ ਸਰਕਾਰ ਦੀ ਨਸ਼ਿਆਂ ਖਿਲਾਫ਼ ਵਿੱਢੀ ਗਈ "ਨਸ਼ਾ ਮੁਕਤ ਪੰਜਾਬ" ਜਾਗਰੂਕਤਾ ਮੁਹਿੰਮ ਵਿੱਚ ਵੀ ਪ੍ਰਸ਼ਾਸਨ ਦਾ ਵੱਧ ਤੋਂ ਵੱਧ ਸਾਥ ਦੇਣ। ਅਧਿਆਪਕਾਂ, ਮਾਪਿਆਂ ਅਤੇ ਸਾਨੂੰ ਸਾਰਿਆਂ ਨੂੰ ਰਲ ਕੇ ਆਪਣਾ ਰਸਤਾ ਭਟਕ ਚੁੱਕੇ ਨੌਜਵਾਨਾਂ ਨੂੰ ਮੋਟੀਵੇਟ ਕਰਕੇ ਉਨ੍ਹਾਂ ਨੂੰ ਸਹੀ ਸੇਧ ਵੱਲ ਲਿਆਉਣ ਲਈ ਵੀ ਅੱਗੇ ਆਉਣਾ ਚਾਹੀਦਾ ਹੈ। ਧਾਲੀਵਾਲ ਨੇ ਕਿਹਾ ਕਿ ਮਾਪਿਆਂ ਦੁਆਰਾ ਆਪਣੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵੱਲ ਵੀ ਵੱਧ ਤੋਂ ਵੱਧ ਪ੍ਰੇਰਿਤ ਕਰਨਾ ਚਾਹੀਦਾ ਹੈ ਤਾਂ ਕਿ ਉਹ ਆਪਣਾ ਵਾਧੂ ਸਮਾਂ ਸਰੀਰਕ ਤੌਰ 'ਤੇ ਤੰਦਰੁਸਤ ਰਹਿਣ ਲਈ ਖੇਡ ਮੈਦਾਨ ਵਿੱਚ ਬਤੀਤ ਕਰਨ। ਧਾਲੀਵਾਲ ਟੂਰਨਾਮੈਂਟ ਮੌਕੇ ਆਪਣੇ ਵੱਲੋਂ ਕਲੱਬ ਨੂੰ ਇਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਚੇਅਰਮੈਨ ਬਲਦੇਵ ਸਿੰਘ ਮਿਆਦੀਆਂ, ਓ ਐਸ ਡੀ ਚਰਨਜੀਤ ਸਿੰਘ ਸਿੱਧੂ, ਗੁਰਜੰਟ ਸਿੰਘ ਸੋਹੀ, ਜਸਪਾਲ ਸਿੰਘ ਢਿੱਲੋਂ ਪ੍ਰਧਾਨ ਨਗਰ ਪੰਚਾਇਤ ਅਜਨਾਲਾ, ਬਲਦੇਵ ਸਿੰਘ ਬੱਬੂ ਚੇਤਨਪੁਰਾ

ਚੇਅਰਮੈਨ ਮਾਰਕੀ ਕਮੇਟੀ, ਤਜਿੰਦਰ ਸਿੰਘ ਢਿੱਲੋਂ ਕਲੱਬ ਪ੍ਰਧਾਨ, ਸਲਵਿੰਦਰ ਸਿੰਘ ਸਰਪੰਚ ਕੋਟਲੀ, ਗੁਰਜੰਟ ਸਿੰਘ ਜੰਟਾ, ਹਰਪ੍ਰੀਤ ਸਿੰਘ ਕੋਟਲੀ, ਐਸ.ਐਚ.ਓ ਸੁਖਜਿੰਦਰ ਸਿੰਘ ਖਹਿਰਾ ਸਮੇਤ ਵੱਡੀ ਗਿਣਤੀ ਚ ਖੇਡ ਪ੍ਰੇਮੀ ਹਾਜ਼ਰ ਸਨ। ਇਸ ਮੌਕੇ ਪਹੁੰਚੀਆਂ ਸ਼ਖਸੀਅਤਾਂ, ਜੇਤੂ ਖਿਡਾਰੀਆਂ ਤੇ ਕੋਚ ਸਹਿਬਾਨ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ।

ਸੇਖਵਾਂ ਨੇ ਕਾ

16-DEC-PAGE-14-Doaba.qxd 12/15/2023 10:49 PM Page 1

ਸਰਕਾਰ ਦੀ ਮੁਲਾਜ਼ਮ/ਪੈਨਸ਼ਨਰਜ਼ ਪ੍ਰਤੀ ਬੇਰੁਖੀ ਖਿਲਾਫ ਅਰਥੀ ਫੂਕ ਰੋਸ ਮੁਜ਼ਾਹਰਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)-ਪੰਜਾਬ ਦੇ ਹਰ ਤਰ੍ਹਾਂ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾ ਦੀ ਅਗਵਾਈ ਕਰਦਾ "ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ" ਵਲੋਂ ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਦੀ ਚੱਲ ਰਹੀ ਹੜਤਾਲ ਦੇ ਸਮਰਥਨ ਵਿੱਚ ਅਤੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਦੇ ਖਿਲਾਫ ਇੱਥੇ ਮਿੰਨੀ ਸਕੱਤਰੇਤ ਦੇ ਗੇਟ ਅੱਗੇ ਸਾਂਝਾ ਫਰੰਟ ਵਲੋਂ ਰੈਲੀ ਕਰਨ ਉਪਰੰਤ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ। ਇਸ ਮੌਕੇ ਮੁਲਾਜ਼ਮਾਂ/ਪੈਨਸ਼ਨਰਾਂ ਅਤੇ ਵੱਡੀ ਗਿਣਤੀ ਵਿੱਚ ਸ਼ਾਮਲ ਇਸਤਰੀ ਮੁਲਾਜ਼ਮਾਂ ਵਲੋਂ ਸਰਕਾਰ ਦਾ ਖੂਬ ਪਿੱਟ ਸਿਆਪਾ ਕੀਤਾ ਗਿਆ, ਇਸ ਦੌਰਾਨ ਕੁੱਝ ਸਮੇਂ ਲਈ ਆਵਾਜਾਈ ਵੀ ਪ੍ਰਭਾਵਿਤ ਹੋਈ। ਸਾਂਝਾ ਫਰੰਟ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਭਰੇ ਸ਼ਬਦਾਂ ਵਿੱਚ ਅਪੀਲ ਕੀਤੀ ਕਿ ਮਨਿਸਟੀਰੀਅਲ ਮੁਲਾਜ਼ਮਾਂ ਦੀ ਜੱਥੇਬੰਦੀ ਨਾਲ ਮੁੱਖ ਮੰਤਰੀ ਖੁੱਦ ਮੀਟਿੰਗ ਕਰਕੇ ਮੰਗਾਂ ਦਾ ਨਿਪਟਾਰਾ ਕਰਨ ਨਹੀਂ ਤਾਂ ਆਉਣ ਵਾਲੇ ਦਿਨਾਂ ਅੰਦਰ ਪੰਜਾਬ ਦੇ ਹਰ ਵਰਗ ਦੇ ਸਮੁੱਚੇ ਮੁਲਾਜ਼ਮ ਹੜਤਾਲ ਤੇ ਜਾਣ ਲਈ ਮਜਬੂਰ ਹੋਣਗੇ। ਇਸ ਮੌਕੇ ਆਗੂਆਂ ਕੱਚੇ ਮੁਲਾਜ਼ਮ ਪੱਕੇ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਮਹਿਗਾਈ ਭੱਤੇ ਦੀਆਂ ਕਿਸ਼ਤਾ ਜਾਰੀ ਕਰਨ, ਮਾਣ-ਭੱਤਾ / ਇਨਸੈਂਟਿਵ ਮੁਲਾਜ਼ਮਾਂ ਦੀਆਂ ਉਜਰਤਾਂ ਵਿੱਚ ਵਾਧਾ ਕਰਨ, ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ ਲਈ 2.59 ਗੁਣਾਂਕ ਲਾਗੂ ਕਰਨ, ਤਨਖਾਹ ਤਰੂਟੀਆਂ ਦੂਰ ਕਰਨ, ਗ੍ਰੇਡ ਪੇ ਸਬੰਧੀ 2011 ਦਾ ਪਾੜਾ ਦੂਰ ਕਰਕੇ ਸਾਰੇ ਮੁਲਾਜ਼ਮਾ ਤੇ ਘੱਟੋ-ਘੱਟ 2.59 ਗੁਣਾਂਕ ਲਾਗੂ ਕਰਨ, ਪ੍ਰੋਵੇਸ਼ਨਲ ਪੀਰੀਅਡ ਘਟਾਉਣ ਅਤੇ ਪੂਰੀ ਤਨਖਾਹ ਸਮੇਤ ਭੱਤੇ ਦੇਣ, ਬੰਦ ਕੀਤੇ ਭੱਤੇ ਬਹਾਲ ਕਰਨ, 200 ਰੁਪਏ ਪ੍ਰਤੀ ਮਹੀਨਾ ਜ਼ਜ਼ੀਆ ਟੈਕਸ ਖਤਮ ਕਰਨ, ਤਨਖਾਹ ਕਮਿਸ਼ਨ ਦੀ ਰਹਿੰਦੀ ਰਿਪੋਰਟ ਦਾ ਦੂਜਾ ਹਿਸਾ ਜਾਰੀ ਕਰਨ ਦੀ ਪੁਰਜੋਰ ਮੰਗ ਕੀਤੀ। ਸਾਂਝੇ ਫਰੰਟ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਸਰਕਾਰ ਨੇ ਉਕਤ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਪਹਿਲੀ ਜਨਵਰੀ 2024 ਤੋਂ ਆਪ ਸਰਕਾਰ ਦੇ 92 ਵਿਧਾਇਕਾਂ/ਮੰਤਰੀਆਂ ਦੇ ਘਰਾਂ ਦੇ ਘਿਰਾਓ ਕੀਤੇ ਜਾਣਗੇ ਅਤੇ ਬਜਟ ਸੈਸ਼ਨ ਦੌਰਾਨ ਚੰਡੀਗੜ੍ਹ ਵਿਖੇ ਪੱਕਾ ਮੋਰਚਾ ਲਗਾਇਆ ਜਾਵੇਗਾ। ਇਸ ਮੌਕੇ ਸੂਬਾ ਕਨਵੀਨਰ ਸਤੀਸ਼ ਰਾਣਾ, ਅਨੁਰੁੱਧ ਮੋਦਗਿੱਲ, ਕੁਲਵਰਨ ਸਿੰਘ, ਮੱਖਣ ਸਿੰਘ ਵਾਹਿਦਪੁਰੀ, ਸੁਖਦੇਵ ਸਿੰਘ ਡਾਨਸੀਵਾਲ, ਡੀ.ਕੇ. ਮਹਿਤਾ, ਓਂਕਾਰ ਸਿੰਘ, ਇੰਦਰ ਸੁੱਖਦੀਪ ਸਿੰਘ ਓਢਰਾ, ਸੰਜੀਵ ਧੂਤ, ਜਸਵੀਰ ਸਿੰਘ, ਮਨਜੀਤ ਸਿੰਘ ਸੈਣੀ, ਪ੍ਰਮੋਦ ਗਿੱਲ, ਰਾਕੇਸ਼ ਕੁਮਾਰ, ਪ੍ਰਵੇਸ਼ ਕੁਮਾਰ, ਅਮਨਦੀਪ ਸ਼ਰਮਾ, ਬਲਵੀਰ ਸਿੰਘ ਸੈਣੀ, ਸ਼ਮਸ਼ੇਰ ਸਿੰਘ ਧਾਮੀ, ਬਿਕਰਮਜੀਤ ਸਿੰਘ ਆਹਲੂਵਾਲੀਆਂ, ਦਵਿੰਦਰ ਭੱਟੀ, ਸ੍ਰੀਮਤੀ ਇੰਦੂ ਰਾਣਾ, ਮਨਜੀਤ ਸਿੰਘ ਬਾਜਵਾ ਆਦਿ ਆਗੂ ਵੱਡੀ ਗਿਣਤੀ ਵਿੱਚ ਹਾਜਰ ਸਨ।

ਡਿਵਾਈਡਰ 'ਤੇ ਚੜ੍ਹੀ ਕਾਰ ਬੁਰੀ ਤਰ੍ਹਾਂ ਨੁਕਸਾਨੀ

ਕਾਠਗੜ੍ਹ, (ਸੁਭਾਸ਼ ਭਾਟੀਆ) ਬਲਾਚੌਰ- ਰੂਪਨਗਰ ਹਾਈਵੇ ਮਾਰਗ 'ਤੇ ਕਾਠਗੜ੍ਹ ਮੋੜ ਕੋਲ ਤੜਕੇ 4 ਵਜੇ ਦੇ ਕਰੀਬ ਵਾਪਰੇ ਹਾਦਸੇ ਵਿੱਚ ਇੱਕ ਕਾਰ ਡਿਵਾਈਡਰ 'ਤੇ ਚੜ੍ਹਨ ਕਾਰਨ ਬੁਰੀ ਤਰ੍ਹਾਂ ਨੁਕਸਾਨੀ ਗਈ ਪਰ ਇਸ ਹਾਦਸੇ 'ਚ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਮਿਲੀ ਜਾਣਕਾਰੀ ਮੁਤਾਬਿਕ ਇੱਕ ਕਾਰ ਚਾਲਕ ਨਵਾਂਸ਼ਹਿਰ ਤੋਂ ਰੋਪੜ ਵੱਲ ਨੂੰ ਜਾ ਰਿਹਾ ਸੀ ਤੇ ਜਦੋਂ ਉਹ ਸਵੇਰੇ 4 ਵਜੇ ਦੇ ਕਰੀਬ ਕਾਠਗੜ੍ਹ ਮੋੜ ਕੋਲ ਪਹੁੰਚਿਆ ਤਾਂ ਅਚਾਨਕ ਉਸ ਨੂੰ ਨੀਂਦ ਦੀ ਝਪਕੀ ਲੱਗ ਗਈ ਜਿਸ ਨਾਲ ਉਸ ਦੀ ਕਾਰ ਬੇਕਾਬੂ ਹੋ ਕੇ ਮਾਰਗ ਦੇ ਵਿਚਕਾਰ ਬਣੇ ਡਿਵਾਈਡਰ ਉੱਤੇ ਚੜ੍ਹ ਗਈ ਅਤੇ ਬੁਰੀ ਤਰ੍ਹਾਂ ਨੁਕਸਾਨੀ ਗਈ ਪਰੰਤੂ ਇਸ ਹਾਦਸੇ ਵਿੱਚ ਕਾਰ ਚਾਲਕ ਦਾ ਵਾਲ ਵਾਲ ਬਚਾਅ ਹੋ ਗਿਆ। ਜਦੋਂ ਹਾਦਸੇ ਦੀ ਸੂਚਨਾ ਟੋਲ ਪਲਾਜਾ ਬਛੂਆਂ ਨੂੰ ਪਤਾ ਲੱਗੀ ਤਾਂ ਉਹਨਾਂ ਰਿਕਵਰੀ ਵੈਨ ਨੂੰ ਮੌਕੇ 'ਤੇ ਭੇਜਿਆ ਅਤੇ ਮੁਲਾਜਮਾਂ ਨੇ ਡਿਵਾਈਡਰ ਵਿੱਚ ਫਸੀ ਕਾਰ ਨੂੰ ਬਾਹਰ ਕੱਢਿਆ।

ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਬੱਸ ਰਵਾਨਾ

ਜਲੰਧਰ, (ਸ਼ੈਲੀ ਐਲਬਰਟ)-ਜਲੰਧਰ ਪੱਛਮੀ ਤੋਂ ਵਿਧਾਇਕ ਸੀਤਲ ਅੰਗੁਰਾਲ ਵੱਲੋਂ ਸ਼ੁੱਕਰਵਾਰ ਨੂੰ ਬਸਤੀ ਦਾਨਿਸ਼ਮੰਦਾ ਇਲਾਕੇ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਪੰਜਾਬ ਰੋਡਵੇਜ ਦੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। 43 ਸ਼ਰਧਾਲੂਆਂ ਵਾਲੀ ਬੱਸ ਮਾਤਾ ਨੈਣਾ ਦੇਵੀ ਜੀ, ਸ੍ਰੀ ਅਨੰਦਪੁਰ ਸਾਹਿਬ, ਮਾਤਾ ਜਵਾਲਾ ਜੀ ਅਤੇ ਮਾਤਾ ਚਿੰਤਪੁਰਨੀ ਜੀ ਦੀ ਪਵਿੱਤਰ ਯਾਤਰਾ ਲਈ ਜਾਵੇਗੀ। ਬੱਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਰੁਕੇਗੀ ਅਤੇ ਸ਼ਨੀਵਾਰ ਸ਼ਾਮ ਨੂੰ ਪਰਤੇਗੀ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਅੰਗੁਰਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਦੀ ਮੁਫਤ ਸਹੂਲਤ ਦੇਣ ਲਈ ਇਸ ਸਾਲ 27 ਨਵੰਬਰ ਨੂੰ ਇਹ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਖਾਣ-ਪੀਣ ਅਤੇ ਰਿਹਾਇਸ਼ ਸਬੰਧੀ ਸਮੁੱਚਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਸ਼ਰਧਾਲੂਆਂ ਨੂੰ ਰੇਲ ਗੱਡੀਆਂ ਅਤੇ ਬੱਸਾਂ ਰਾਹੀਂ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਹਜੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਮਾਤਾ ਨੈਣਾ ਦੇਵੀ ਜੀ, ਵਰਿੰਦਾਵਨ ਧਾਮ, ਮਾਤਾ ਵੈਸਨੋ ਦੇਵੀ ਜੀ, ਮਾਤਾ ਚਿੰਤਪੁਰਨੀ ਜੀ, ਮਾਤਾ ਜਵਾਲਾ ਜੀ, ਵਾਰਾਣਸੀ, ਸ੍ਰੀ ਖਾਟੂ ਸ਼ਿਆਮ ਜੀ, ਸ੍ਰੀ ਸਾਲਾਸਰ ਬਾਲਾਜੀ ਧਾਮ ਅਤੇ ਖਵਾਜਾ ਅਜਮੇਰ ਸ਼ਰੀਫ ਦਰਗਾਹ ਦੀ ਮੁਫਤ ਯਾਤਰਾ ਕਰਵਾਈ ਜਾ ਰਹੀ ਹੈ। ਵਿਧਾਇਕ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਕੀਮ ਤਹਿਤ 40 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦਾ ਮੈਡੀਕਲ ਚੈੱਕਅਪ ਕੀਤਾ ਗਿਆ ਹੈ ਅਤੇ ਯਾਤਰੀਆਂ ਨੂੰ ਲੋੜੀਂਦੀਆਂ ਵਸਤਾਂ ਵਾਲੇ ਵਿਸੇਸ ਬੈਗ ਵੀ ਮੁਹੱਈਆ ਕਰਵਾਏ ਗਏ ਹਨ।

ਲਧਾਣਾ ਉੱਚਾ 'ਚ ਪੁਲਸ ਵਿਭਾਗ ਨੇ ਕਰਵਾਇਆ ਫੁੱਟਬਾਲ ਟੂਰਨਾਮੈਂਟ

ਨਵਾਂ ਸ਼ਹਿਰ, ਬਹਿਰਾਮ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ) ਬੰਗਾ ਹਲਕੇ ਦੇ ਪਿੰਡ ਲਧਾਣਾ ਉੱਚਾ ਵਿਖੇ ਨੱਸ਼ਆਂ ਦੀ ਰੋਕਥਾਮ ਸਬੰਧੀ ਸੰਦੇਸ਼ ਦਿੰਦਿਆਂ ਪੰਜਾਬ ਪੁਲਸ ਵੱਲੋਂ ਫੁੱਟਬਾਲ ਦਾ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਵਿੱਚ ਡੀ.ਐਸ.ਪੀ. ਸਰਵਣ ਸਿੰਘ ਬੱਲ, ਵਾਈਸ ਚੇਅਰਮੈਨ ਵਾਟਰ ਰਿਸੋਰਸਿਸ ਡਿਵੈੱਲਪਮੈਂਟ ਅਤੇ ਮੈਨੇਜਮੈਂਟ ਕਾਰਪੋਰੇਸ਼ਨ ਪੰਜਾਬ ਅਤੇ ਹਲਕਾ ਇਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਨੌਜਵਾਨ ਖਿਡਾਰੀਆਂ ਦੀ ਹੌਸਲਾ ਅਫਜਾਈ ਕੀਤੀ। ਕੁਲਜੀਤ ਸਿੰਘ ਸਰਹਾਲ ਨੇ ਕਿਹਾ ਕਿ ਪੁਲਸ ਵਿਭਾਗ ਵਲੋਂ ਨਸ਼ਿਆਂ ਦੇ ਖਿਲਾਫ ਸੰਦੇਸ਼ ਦੇਣ ਲਈ ਕਰਵਾਇਆ ਗਿਆ ਫੁੱਟਬਾਲ ਟੂਰਨਾਮੈਂਟ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਜਿਥੇ ਪੁਲਸ ਵਿਭਾਗ ਵਲੋਂ ਨਸ਼ਿਆਂ ਦੀ ਰੋਕਥਾਮ ਦੇ ਲਈ ਕੰਮ ਕੀਤੇ ਜਾਂਦੇ ਹਨ, ਉਥੇ ਨੌਜਵਾਨਾਂ ਦਾ ਫਰਜ਼ ਬਣਦਾ ਹੈ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਜੇਕਰ ਕੋਈ ਨਸ਼ਾ ਵੇਚਦਾ ਹੈ, ਤਾਂ ਇਸ ਸਬੰਧੀ ਸੂਚਨਾ ਪੁਲਸ ਵਿਭਾਗ ਨੂੰ ਦੇਣ। ਉਨ੍ਹਾਂ ਕਿਹਾ ਕਿ ਨੌਜਵਾਨ ਵੱਧ ਤੋਂ ਵੱਧ ਖੇਡਾਂ ਵੱਲ ਆਪਣਾ ਧਿਆਨ ਦੇਣ । ਖੇਡਾਂ ਸਾਨੂੰ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣੀਆਂ ਹਨ ਅਤੇ ਇਸ ਦੇ ਨਾਲ ਨਸ਼ਿਆਂ ਵੱਧ ਵੀ ਧਿਆਨ ਨਹੀਂ ਜਾਂਦਾ ਹੈ। ਇਸ ਦੌਰਾਨ ਡੀ. ਐਸ ਪੀ ਸਰਵਨ ਸਿੰਘ ਬੱਲ ਨੇ ਕਿਹਾ ਕਿ ਪੁਲਸ ਵਿਭਾਗ ਵਲੋਂ ਇਕ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਗਿਆ ਹੈ, ਜੇਕਰ ਕੋਈ ਨਸ਼ਾ ਵੇਚਦਾ ਹੈ, ਤਾਂ ਇਸ ਸਬੰਧੀ ਸੂਚਨਾ ਪੁਲੀਸ ਵਿਭਾਗ ਨੂੰ ਦਿੱਤੀ ਜਾਵੇ, ਤਾਂ ਜੋ ਨਸ਼ਿਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਨੌਜਵਾਨਾਂ ਨੂੰ ਬਚਾਇਆ ਜਾ ਸਕੇ। ਇਸ ਮੌਕੇ 'ਤੇ ਮੌਕੇ ਜਸਪ੍ਰੀਤ ਸਿੰਘ ਰੋਬੀ ਕੰਗ , ਜਗਜੀਤ ਸਿੰਘ ਬਲਾਕੀਪੁਰ , ਨਵਜੀਵਨ ਸਿੰਘ ਲਧਾਣਾ ਉੱਚਾ, ਲਖਵੀਰ ਸਿੰਘ ਸਮੂਹ ਪ੍ਰਬੰਧਕ ਅਤੇ ਭਾਰੀ ਗਿਣਤੀ ਵਿੱਚ ਖੇਡ ਪ੍ਰੇਮੀ ਮੌਜੂਦ ਸਨ।

ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਕੀਤਾ ਸਨਮਾਨਤ

ਜਲੰਧਰ (ਕੇਸਰ)-ਤਰਕਸ਼ੀਲ ਇਕਾਈ ਜਲੰਧਰ ਵਲੋਂ ਵਿਜੈ ਰਾਹੀ ਅਤੇ ਅਰੁਣ ਤਰਕਸ਼ਲ ਨੇ ਸੰਤ ਹੀਰਾ ਦਾਸ ਹਾਇਰ ਸੈਕੰਡਰੀ ਸਕੂਲ ਦੇ ਉਹਨਾਂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਜਿਨ੍ਹਾਂ ਨੇ ਅਕਤੂਬਰ ਵਿਚ ਪੰਜਾਬ ਪੱਧਰ 'ਤੇ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲਿਆ ਸੀ। ਜਿਹੜੇ ਵਿਦਿਆਰਥੀਆਂ ਨੇ ਪ੍ਰੀਖਿਆ ਵਿਚ ਪਹਿਲੀ, ਦੂਜੀ ਅਤੇ ਤੀਜੀ ਪੋਜੀਸ਼ਨ ਹਾਸਲ ਕੀਤੀ ਉਹਨਾਂ ਨੂੰ ਵਿਸ਼ੇਸ਼ ਸਰਟੀਫਿਕੇਟ, ਮੈਡਲ ਅਤੇ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਜਲੰਧਰ ਇਕਾਈ ਲਈ ਖੁਸ਼ੀ ਵਾਲੀ ਗੱਲ ਹੈ ਕਿ ਇਸੇ ਸਕੂਲ ਦੀ ਵਿਦਿਆਰਥਣ ਅਰਸ਼ਦੀਪ ਕੌਰ ਪੂਰੇ ਜੋਨ ਵਿੱਚੋਂ ਪਹਿਲੇ ਸਥਾਨ 'ਤੇ ਆਈ ਹੈ। ਜੋਨ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਅਰਸ਼ਦੀਪ ਕੌਰ ਦਾ ਜਦੋਂ ਵਿਜੈ ਰਾਹੀ ਨੇ ਇੰਟਰਵਿਊ ਲਿਆ ਤਾਂ ਸਕੂਲ ਪ੍ਰਿੰਸੀਪਲ ਅਤੇ ਸਟਾਫ ਵਿਦਿਆਰਥਣ ਦੇ ਗਿਆਨ ਅਤੇ ਪੂਰੇ ਹੌਸਲੇ ਨਾਲ ਦੇਂਦੇ ਹੋਏ ਇੰਟਰਵਿਊ ਨੂੰ ਵੇਖ ਕੇ ਅਸ਼- ਅਸ਼ ਕਰ ਉਠਿਆ। ਅੰਤ ਵਿੱਚ ਸਕੂਲ ਦੇ ਪ੍ਰਿਸਿਪਲ ਅਤੇ ਸਟਾਫ ਦਾ ਵੀ ਪ੍ਰੀਖਿਆ ਵਿੱਚ ਸਹਿਯੋਗ ਦੇਣ ਲਈ ਸਨਮਾਨ ਕੀਤਾ ਗਿਆ।

ਵਿਦਿਆਰਥੀ ਆਪਣੇ ਸਕੂਲ ਤੇ ਪਰਵਾਰ ਦੇ ਹੁੰਦੇ ਨੇ ਬ੍ਰਾਂਡ ਅੰਬੈਸਡਰ : ਰਿਤਿਨ ਖੰਨਾ

ਜਲੰਧਰ : ਏਪੀਜੇ ਸਕੂਲ ਟਾਂਡਾ ਰੋਡ ਜਲੰਧਰ ਵਿਖੇ ਸਾਲਾਨਾ ਖੇਡ ਦਿਵਸ ਮਨਾਇਆ ਗਿਆ । ਪ੍ਰੀ-ਨਰਸਰੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਭਾਗ ਲਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਜ਼ਿਲ੍ਹਾ ਬੈਡਮਿੰਟਨ ਐਸੋਸੀਏਸ਼ਨ ਦੇ ਸਕੱਤਰ ਅਤੇ ਸਾਬਕਾ ਰਾਸ਼ਟਰੀ ਬੈਡਮਿੰਟਨ ਖਿਡਾਰੀ ਰਿਤਿਨ ਖੰਨਾ ਸਨ। ਇਸ ਮੌਕੇ ਸਕੂਲ ਦੀ ਵਾਈਸ ਪ੍ਰਿੰਸੀਪਲ ਸ੍ਰੀਮਤੀ ਪ੍ਰਿਅੰਕਾ ਗਰੋਵਰ ਵੀ ਹਾਜਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਚਾਰ ਹਾਊਸ ਕੈਪਟਨਾਂ, ਪ੍ਰੀਫੈਕਟਸ ਅਤੇ ਵਿਦਿਆਰਥੀ ਕੌਂਸਲ ਵੱਲੋਂ ਮਾਰਚ ਪਾਸਟ ਨਾਲ ਕੀਤੀ ਗਈ। ਵਿਦਿਆਰਥੀਆਂ ਨੇ ਮਾਰਸ਼ਲ ਆਰਟਸ, ਯੋਗਾ, ਜਿਮਨੇਜੀਅਮ, ਪੀ.ਟੀ. ਕਸਰਤ ਆਦਿ ਵੱਖ-ਵੱਖ ਗਤੀਵਿਧੀਆਂ ਵੀ ਕੀਤੀਆਂ। ਪ੍ਰੀ-ਪ੍ਰਾਇਮਰੀ ਵਿੰਗ ਦੇ ਛੋਟੇ ਵਿਦਿਆਰਥੀਆਂ ਲਈ ਵੱਖ-ਵੱਖ ਖੇਡਾਂ ਜਿਵੇਂ ਕਿ ਕੰਗਾਰੂ ਜੰਪ, ਪਿਕ ਦ ਬਾਲ, ਜਿਗ-ਜੈਗ ਰੇਸ, ਵਨ-ਲੈੱਗ ਰੇਸ, ਹਰਡਲ ਰੇਸ, ਸਟਲ ਰਨ, ਡਰਿਬਲ ਦਾ ਬਾਲ ਅਤੇ ਥੈਕ ਰਨਿੰਗ ਆਦਿ ਕਰਵਾਈਆਂ ਗਈਆਂ । ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਲਈ ਲੱਤ ਦੌੜ, ਬੋਰੀ ਦੌੜ, ਰਿਲੇਅ ਦੌੜ, ਸ਼ਾਟ ਪੁਟ, ਡਰਿੱਬਲ ਬਾਲ ਆਦਿ ਖੇਡਾਂ ਕਰਵਾਈਆਂ ਗਈਆਂ। ਵੱਖ-ਵੱਖ ਖੇਡਾਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਰਿਤਿਨ ਖੰਨਾ ਨੇ ਵਿਦਿਆਰਥੀਆਂ ਨੂੰ ਖੇਡਾਂ ਦੀ ਮਹੱਤਤਾ ਬਾਰੇ ਦੱਸਿਆ ਅਤੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇੱਕ ਸੱਚਾ ਖਿਡਾਰੀ ਆਪਣੀ ਜ਼ਿੰਦਗੀ ਵਿੱਚ ਹਰ ਮੁਸ਼ਕਲ ਦਾ ਸਾਹਮਣਾ ਬਿਹਤਰ ਢੰਗ ਨਾਲ ਕਰਦਾ ਹੈ। ਉਨ੍ਹਾਂ ਬੱਚਿਆਂ ਨੂੰ ਪੌਸ਼ਟਿਕ ਭੋਜਨ ਦੀ ਲੋੜ ਅਤੇ ਸਕਰੀਨ ਟਾਈਮ ਤੋਂ ਹੋਣ ਵਾਲੇ ਨੁਕਸਾਨ ਬਾਰੇ ਵੀ ਜਾਗਰੂਕ ਕੀਤਾ। ਖੰਨਾ ਨੇ ਬੱਚਿਆਂ ਨੂੰ ਕਿਹਾ ਕਿ ਤੁਸੀਂ ਸਾਰੇ ਆਪਣੇ ਸਕੂਲ ਅਤੇ ਪਰਵਾਰ ਦੇ ਬ੍ਰਾਂਡ ਅੰਬੈਸਡਰ ਹੋ, ਇਸ ਲਈ ਜ਼ਿੰਦਗੀ ਵਿੱਚ ਕੁਝ ਵੀ ਗਲਤ ਕਰਨ ਤੋਂ ਪਹਿਲਾਂ, ਇਹ ਯਾਦ ਰੱਖੋ ਕਿ ਇਸਦਾ ਸਿੱਧਾ ਅਸਰ ਤੁਹਾਡੇ ਪਰਵਾਰ ਅਤੇ ਸਕੂਲ 'ਤੇ ਵੀ ਪਵੇਗਾ। ਉਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ। ਵਾਈਸ ਪ੍ਰਿੰਸੀਪਲ ਸ੍ਰੀਮਤੀ ਪ੍ਰ